31-AUG-PAGE-1.qxd 8/30/2024 10:19 PM Page 1

ਸ਼ਨੀਵਾਰ, 31 ਅਗਸਤ, 2024
16 ਭਾਦੋਂ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 90

ਨਵਾਂ ਜ਼ਮਾਨਾ

DAILY NAWAN ZAMANA • SATURDAY, 31 AUGUST, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਸਿੰਘ ਸਾਹਿਬਾਨ ਨੇ ਸੁਖਬੀਰ ਦੇ ਨਾਲ ਸਾਥੀ ਸਿੱਖ ਮੰਤਰੀ ਵੀ ਨੂੜੇ

ਬੱਜਰ ਗੁਨਾਹਾਂ ਲਈ ਸਾਬਕਾ ਉਪ ਮੁੱਖ ਮੰਤਰੀ ਤਨਖਾਹੀਆ ਕਰਾਰ, ਤਨਖਾਹ ਦਾ ਫੈਸਲਾ ਪੇਸ਼ ਹੋਣ ਵੇਲੇ, ਸਾਬਕਾ ਮੰਤਰੀਆਂ ਨੂੰ ਵੀ 15 ਦਿਨਾਂ 'ਚ ਸਫਾਈ ਦੇਣ ਦਾ ਆਦੇਸ਼

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼ੁੱਕਰਵਾਰ ਅਕਾਲ ਤਖਤ ਦੀ ਫਸੀਲ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੰਦਿਆਂ ਆਦੇਸ਼ ਜਾਰੀ ਕੀਤੇ ਕਿ ਸੁਖਬੀਰ ਸਿੰਘ ਬਾਦਲ 15 ਦਿਨਾਂ ਦੇ ਅੰਦਰ-ਅੰਦਰ ਅਕਾਲ ਤਖਤ 'ਤੇ ਪੇਸ਼ ਹੋ ਕੇ ਆਪਣੇ ਗੁਨਾਹਾਂ ਦੀ ਤਨਖਾਹ ਲਵਾਏ।

ਪਹਿਲੀ ਜੁਲਾਈ 2024 ਨੂੰ ਬਾਗੀ ਅਕਾਲੀਆਂ ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਗੁਰਪ੍ਰਤਾਪ ਸਿੰਘ ਵਡਾਲਾ ਆਦਿ ਨੇ ਪਿਛਲੇ ਸਮੇਂ ਅਕਾਲੀ ਸਰਕਾਰ ਸਮੇਂ ਹੋਏ ਬੱਜਰ ਗੁਨਾਹਾਂ ਲਈ ਸ੍ਰੀ ਅਕਾਲ ਤਖਤ 'ਤੇ ਪੇਸ਼ ਹੋ ਕੇ ਇੱਕ ਕਬੂਲਨਾਮਾ ਦਿੱਤਾ ਸੀ, ਜਿਸ ਵਿੱਚ ਸੁਖਬੀਰ ਸਿੰਘ ਬਾਦਲ 'ਤੇ ਸੰਗੀਨ ਦੋਸ਼ ਲਗਾਏ ਗਏ ਸਨ ਕਿ ਬੇਅਦਬੀਆਂ ਤੇ ਸੌਦਾ ਸਾਧ ਨੂੰ ਬਿਨਾਂ ਮੰਗੀ ਮੁਆਫੀ ਸੁਖਬੀਰ ਸਿੰਘ ਬਾਦਲ ਦੇ ਕਹਿਣ 'ਤੇ ਹੀ ਦਿੱਤੀ ਗਈ ਸੀ। ਇਸੇ ਸੰਦਰਭ ਵਿੱਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੁਖਬੀਰ ਬਾਦਲ ਨੂੰ ਇੱਕ ਪੱਤਰ ਲਿਖ ਕੇ ਸਪੱਸ਼ਟੀਕਰਨ ਮੰਗਿਆ ਸੀ। ਸੁਖਬੀਰ ਨੇ ਬਾਗੀਆਂ ਵੱਲੋਂ ਲਗਾਏ ਸਾਰੇ ਦੋਸ਼ਾਂ ਨੂੰ ਕਬੂਲ ਕਰਦਿਆਂ ਅਕਾਲ ਤਖਤ ਨੂੰ ਸਮਰਪਤ ਹੋਣ ਦਾ ਸੰਕਲਪ ਲੈਂਦਿਆਂ ਇੱਕ ਨਿਮਾਣੇ ਸਿੱਖ ਵਜੋਂ ਸਪੱਸ਼ਟੀਕਰਨ ਦਿੱਤਾ ਸੀ।

ਇਸੇ ਸੰਦਰਭ ਵਿੱਚ ਹੀ ਪੰਜ ਤਖਤਾਂ ਦੇ ਜਥੇਦਾਰਾਂ, ਜਿਨ੍ਹਾਂ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਸ਼ਾਮਲ ਸਨ, ਨੇ ਗੁਰਮਤਾ ਕਰਕੇ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ।

ਗਿਆਨੀ ਰਘਬੀਰ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਪੰਜ ਜਥੇਦਾਰਾਂ ਵੱਲੋਂ ਕੀਤਾ ਗੁਰਮਤਾ ਪੇਸ਼ ਕਰਦਿਆਂ ਕਿਹਾ ਕਿ ਪੰਜ ਜਥੇਦਾਰਾਂ ਦੀ ਇਕੱਤਰਤਾ ਵਿੱਚ ਸਰਬ ਸੰਮਤੀ ਨਾਲ ਫੈਸਲਾ ਹੋਇਆ ਕਿ ਸੁਖਬੀਰ ਸਿੰਘ ਬਾਦਲ ਨੇ ਬਤੌਰ ਡਿਪਟੀ ਮੁੱਖ ਮੰਤਰੀ, ਗ੍ਰਹਿ ਮੰਤਰੀ ਪੰਜਾਬ ਸਰਕਾਰ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਹੁੰਦਿਆਂ ਹੋਇਆਂ ਕੁਝ ਅਜਿਹੇ ਫੈਸਲੇ ਲਏ, ਜਿਸ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਹਾਲਤ ਬਹੁਤ ਪਤਲੀ ਹੋਈ ਅਤੇ ਪੰਥਕ ਹਿੱਤਾਂ ਨੂੰ ਬਹੁਤ ਭਾਰੀ ਨੁਕਸਾਨ ਪੁੱਜਾ ਜਿਨ੍ਹਾਂ ਨੂੰ ਮੁੱਖ ਰੱਖਦਿਆਂ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਜਾਂਦਾ ਹੈ ਤੇ ਅਕਾਲ ਤਖਤ 'ਤੇ ਪੇਸ਼ ਹੋ ਕੇ ਤਨਖਾਹ ਲਗਵਾਉਣ ਦੇ ਆਦੇਸ਼ ਜਾਰੀ ਕੀਤੇ ਜਾਂਦੇ ਹਨ। ਇਸ ਦੇ ਨਾਲ 2007 ਤੋਂ 2017 ਤੱਕ ਸਰਕਾਰ ਵਿੱਚ ਮੌਜੂਦ ਰਹੇ ਇਸ ਦੇ ਭਾਈਵਾਲ ਸਿੱਖ ਕੈਬਨਿਟ ਮੰਤਰੀ ਇਸ ਸੰਬੰਧੀ ਆਪਣਾ ਸਪੱਸ਼ਟੀਕਰਨ 15 ਦਿਨਾਂ ਦੇ ਅੰਦਰ-ਅੰਦਰ ਨਿੱਜੀ ਰੂਪ ਵਿੱਚ ਪੇਸ਼ ਹੋ ਕੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਦੇਣ ਕਿ ਜਦੋਂ ਇਹ ਬੱਜਰ ਗੁਨਾਹ ਹੋ ਰਹੇ ਸਨ ਤਾਂ ਉਹ ਚੁੱਪ ਕਿਉਂ ਰਹੇ। ਉਨ੍ਹਾ ਕਿਹਾ ਕਿ ਸੁਖਬੀਰ ਸਿੰਘ ਬਾਦਲ ਜਿੰਨਾ ਚਿਰ ਤੱਕ ਸ੍ਰੀ ਅਕਾਲ ਤਖਤ ਸਾਹਿਬ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਿੱਖ ਸੰਗਤ ਤੇ ਪੰਜ ਸਿੰਘ ਸਾਹਿਬਾਨ ਦੀ ਹਾਜ਼ਰੀ ਵਿੱਚ ਆਪਣੇ ਕੀਤੇ ਹੋਏ ਗੁਨਾਹਾਂ ਦੀ ਮੁਆਫੀ ਨਹੀਂ ਮੰਗਦਾ ਓਨਾ ਚਿਰ ਤੱਕ ਉਸ ਨੂੰ ਪੰਥਕ ਸਫ਼ਾਂ ਵਿੱਚ ਵਿਚਰਨ ਦਾ ਕੋਈ ਅਧਿਕਾਰ ਨਹੀਂ ਹੋਵੇਗਾ।

ਜਦੋਂ ਜਥੇਦਾਰ ਅਕਾਲ ਤਖਤ ਗਿਆਨੀ ਰਘਬੀਰ ਸਿੰਘ ਗੁਰਮਤਾ ਪੜ੍ਹ ਰਹੇ ਸਨ ਤਾਂ ਉਸ ਸਮੇਂ ਸੁਖਬੀਰ ਸਿੰਘ ਬਾਦਲ ਸੰਗਤ ਵਿੱਚ ਹਾਜ਼ਰ ਸਨ। ਉਨ੍ਹਾ ਕਿਹਾ ਕਿ ਉਹ ਨਿਮਾਣੇ ਸਿੱਖ ਵਜੋਂ ਅਕਾਲ ਤਖਤ ਦੇ ਹਰ ਹੁਕਮ ਨੂੰ ਨਤਮਸਤਕ ਹੋ ਕੇ ਆਦੇਸ਼ ਤਸਲੀਮ ਕਰਦੇ ਹਨ ਤੇ ਜਲਦੀ ਹੀ ਅਕਾਲ ਤਖਤ 'ਤੇ ਪੇਸ਼ ਹੋ ਕੇ ਤਨਖਾਹ ਲਗਵਾਉਣਗੇ। ਉਨ੍ਹਾ ਕਿਹਾ ਕਿ ਅਕਾਲ ਤਖਤ ਸੁਪਰੀਮ ਹੈ ਤੇ ਹਰੇਕ ਨਾਨਕ ਨਾਮ ਲੇਵਾ ਸਿੱਖ ਦੀ ਆਸਥਾ ਸ੍ਰੀ ਅਕਾਲ ਤਖਤ ਦੇ ਸੰਕਲਪ ਵਿੱਚ ਹੈ। ਬੀਬੀ ਜਗੀਰ ਕੌਰ ਨੇ ਭਾਵੇਂ ਜਥੇਦਾਰ ਵੱਲੋਂ ਲਏ ਫੈਸਲੇ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਪਰ ਇਹ ਜ਼ਰੂਰ ਕਿਹਾ ਕਿ ਅਕਾਲ ਤਖਤ ਸਹਿਬ ਨੂੰ ਹਰ ਨਾਨਕ ਨਾਮ ਲੇਵਾ ਸਿੱਖ ਸਮਰਪਤ ਹੈ। ਉਨ੍ਹਾ ਕਿਹਾ ਕਿ ਉਹ ਵੀ ਅਕਾਲੀ ਕੈਬਨਿਟ ਵਿੱਚ ਸ਼ਾਮਲ ਸਨ ਪਰ ਉਨ੍ਹਾਂ ਨੇ 13 ਦਿਨਾਂ ਬਾਅਦ ਅਸਤੀਫਾ ਦੇ ਦਿੱਤਾ ਸੀ। ਉਹ ਵੀ ਜਥੇਦਾਰ ਸਾਹਿਬ ਨੂੰ ਆਪਣਾ ਪੱਖ ਲਿਖਤੀ ਰੂਪ ਵਿੱਚ ਦੇਣਗੇ। ਅਕਾਲੀ ਆਗੂ ਵਿਰਸਾ ਵਲਟੋਹਾ ਨੇ ਅਕਾਲ ਤਖਤ ਦੇ ਫੈਸਲੇ ਦਾ ਸੁਆਗਤ ਕਰਦਿਆਂ ਕਿਹਾ ਕਿ ਜਲਦੀ ਹੀ ਸੁਖਬੀਰ ਜੀ ਅਕਾਲ ਤਖਤ 'ਤੇ ਪੇਸ਼ ਹੋ ਕੇ ਤਨਖਾਹ ਲਗਵਾਉਣਗੇ। ਬਹੁਤ ਸਾਰੀਆਂ ਪੰਥਕ ਜਥੇਬੰਦੀਆਂ ਨੇ ਸੁਖਬੀਰ ਸਿੰਘ ਬਾਦਲ ਬਾਰੇ ਜਥੇਦਾਰ ਨੂੰ ਲਿਖਤੀ ਤੌਰ 'ਤੇ ਅਪੀਲ ਕੀਤੀ ਸੀ ਕਿ ਬੱਜਰ ਗੁਨਾਹਾਂ ਦੇ ਦੋਸ਼ੀ ਸੁਖਬੀਰ ਬਾਦਲ ਨੂੰ ਪੰਥ ਵਿੱਚੋਂ ਛੇਕਿਆ ਜਾਵੇ ਜਾਂ ਫਿਰ ਭਵਿੱਖ ਵਿੱਚ ਇਸ ਦੇ ਕਿਸੇ ਰਾਜਸੀ, ਧਾਰਮਿਕ ਤੇ ਸਮਾਜਿਕ ਤੌਰ 'ਤੇ ਵਿਚਰਨ 'ਤੇ ਰੋਕ ਲਗਾਈ ਜਾਵੇ।

ਜਥੇਦਾਰ ਗਿਆਨੀ ਰਘਬੀਰ ਸਿੰਘ ਸ੍ਰੀ ਅਕਾਲ ਤਖਤ ਦੀ ਫਸੀਲ ਤੋਂ ਆਦੇਸ਼ ਪੜ੍ਹ ਕੇ ਸੁਣਾਉਂਦੇ ਹੋਏ।

ਟੋਕੀਓ ਤੋਂ ਬਾਅਦ ਪੈਰਿਸ 'ਚ ਵੀ ਗੋਲਡ ਮੈਡਲ

ਪੈਰਿਸ : ਇੱਥੇ ਚੱਲ ਰਹੀਆਂ ਪੈਰਾਲੰਪਿਕਸ 'ਚ ਸ਼ੂਟਰ ਅਵਨੀ ਲੇਖਰਾ ਮਹਿਲਾਵਾਂ ਦੇ 10 ਮੀਟਰ ਏਅਰ ਰਾਈਫਲ (ਐਸ ਐਚ 1) ਮੁਕਾਬਲੇ 'ਚ ਜਿੱਤ ਹਾਸਲ ਕਰਦਿਆਂ ਦੋ ਪੈਰਾਲੰਪਿਕ ਸੋਨ ਤਮਗੇ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਬਣ ਗਈ ਹੈ। ਤਿੰਨ ਵਰ੍ਹੇ ਪਹਿਲਾਂ ਟੋਕੀਓ ਪੈਰਾਲੰਪਿਕ ਵਿਚ ਸੋਨ ਤਮਗਾ ਜਿੱਤਣ ਵਾਲੀ 22 ਸਾਲਾ ਅਵਨੀ ਨੇ ਸ਼ਾਨਦਾਰ 249.7 ਦਾ ਸਕੋਰ ਬਣਾ ਕੇ 249.6 ਦੇ ਆਪਣੇ ਹੀ ਰਿਕਾਰਡ ਨੂੰ ਤੋੜ ਦਿੱਤਾ। ਸ਼ੂਟਰ ਮੋਨਾ ਅੱਗਰਵਾਲ ਨੇ ਕਾਂਸੀ ਦਾ ਤਮਗਾ ਜਿੱਤਿਆ ਹੈ। 11 ਸਾਲ ਦੀ ਉਮਰ ਵਿਚ ਕਾਰ ਹਾਦਸੇ ਦਾ ਸ਼ਿਕਾਰ ਹੋਈ ਅਵਨੀ ਸਰੀਰ ਦੇ ਹੇਠਲੇ ਹਿੱਸੇ 'ਚ ਅਧਰੰਗ ਹੋਣ ਕਾਰਨ ਵ੍ਹੀਲ ਚੇਅਰ ਦੇ ਸਹਾਰੇ ਚਲਦੀ ਹੈ। ਉਹ 2021 'ਚ ਟੋਕੀਓ ਪੈਰਾਲੰਪਿਕਸ 'ਚ ਨਿਸ਼ਾਨੇਬਾਜ਼ੀ ਵਿੱਚ ਤਮਗਾ ਜਿੱਤਣ ਵਾਲੀ ਦੇਸ਼ ਦੀ ਪਹਿਲੀ ਮਹਿਲਾ ਨਿਸ਼ਾਨੇਬਾਜ਼ ਬਣ ਗਈ ਸੀ। ਐਸ ਐਚ 1 ਸ਼੍ਰੇਣੀ ਸ਼ੂਟਿੰਗ 'ਚ ਉਹ ਐਥਲੀਟ ਸ਼ਾਮਲ ਹੁੰਦੇ ਹਨ, ਜਿਨ੍ਹਾਂ ਦੀਆਂ ਬਾਹਾਂ, ਹੇਠਲਾ ਹਿੱਸਾ, ਲੱਤਾਂ ਜਾਂ ਕੋਈ ਅੰਗ ਨਹੀਂ ਹੁੰਦਾ।

ਕੁਆਲੀਫਿਕੇਸ਼ਨ 'ਚ ਡਿਫੈਂਡਿੰਗ ਚੈਂਪੀਅਨ ਅਵਨੀ 625.8 ਦੇ ਸਕੋਰ ਨਾਲ ਇਰੀਨਾ ਸਚੇਤਨਿਕ ਤੋਂ ਬਾਅਦ ਦੂਜੇ ਸਥਾਨ 'ਤੇ ਰਹੀ। ਆਪਣੀ ਪਹਿਲੀ ਪੈਰਾਲੰਪਿਕ 'ਚ ਦੋ ਵਾਰ ਦੀ ਵਿਸ਼ਵ ਕੱਪ ਦੀ ਸੋਨ ਤਮਗਾ ਜੇਤੂ ਮੋਨਾ ਨੇ ਕੁਆਲੀਫਿਕੇਸਨ 'ਚ 623.1 ਦਾ ਸਕੋਰ ਬਣਾਇਆ ਅਤੇ ਪੰਜਵੇਂ ਸਥਾਨ 'ਤੇ ਰਹਿ ਕੇ ਫਾਈਨਲ 'ਚ ਪ੍ਰਵੇਸ਼ ਕੀਤਾ।

ਪ੍ਰੀਤੀ ਪਾਲ ਨੇ ਟੀ-35 100 ਮੀਟਰ ਦੌੜ 'ਚ 14.21 ਸੈਕਿੰਡ ਦੇ ਵਿਅਕਤੀਗਤ ਸਰਵੋਤਮ ਪ੍ਰਦਰਸ਼ਨ ਨਾਲ ਕਾਂਸੇ ਦਾ ਤਮਗਾ ਜਿੱਤਿਆ। ਤੇਈ ਸਾਲਾ ਪ੍ਰੀਤੀ ਦਾ ਕਾਂਸੇ ਦਾ ਤਮਗਾ ਪੈਰਾਲੰਪਿਕ ਦੇ ਪੈਰਾ ਅਥਲੀਟਾਂ 'ਚ ਭਾਰਤ ਦਾ ਪਹਿਲਾ ਤਮਗਾ ਹੈ।

ਚੀਨ ਦੀ ਜੋਊ ਜੀਆ (13.58) ਨੇ ਸੋਨੇ ਅਤੇ ਗੁਓ ਕਿਆਨਕਿਆਨ (13.74) ਨੇ ਚਾਂਦੀ ਦਾ ਤਮਗਾ ਜਿੱਤਿਆ। ਟੀ-35 ਵਰਗ ਉਨ੍ਹਾਂ ਖਿਡਾਰੀਆਂ ਲਈ ਹੈ, ਜਿਨ੍ਹਾਂ 'ਚ ਤਾਲਮੇਲ ਸੰਬੰਧੀ ਵਿਕਾਰ ਹੋਵੇ ਜਿਵੇਂ ਹਾਈਪਰਟੋਨੀਆ, ਐਟੈਕਿਸ਼ੀਆ ਅਤੇ ਐਥੀਟੋਸਿਸ ਤੇ ਸੇਰੇਬ੍ਰਲ ਪਾਲਸੀ।

ਰਾਜੋਆਣਾ ਦੀ ਸਜ਼ਾ ਮੁਆਫੀ ਦੀ ਪਟੀਸ਼ਨ ਵਾਪਸ ਲੈਣ ਲਈ ਸਿੱਖ ਪੰਥ ਤੋਂ ਰਾਇ ਮੰਗੀ

ਅੰਮ੍ਰਿਤਸਰ : ਪੰਜ ਸਿੰਘ ਸਾਹਿਬਾਨ ਦੀ ਬੈਠਕ 'ਚ ਬਲਵੰਤ ਸਿੰਘ ਰਾਜੋਆਣਾ ਦਾ ਮਾਮਲਾ ਵਿਚਾਰਿਆ ਗਿਆ ਅਤੇ ਉਸ ਦੀ ਫਾਂਸੀ ਦੀ ਸਜ਼ਾ ਮੁਆਫੀ ਵਾਸਤੇ ਰਾਸ਼ਟਰਪਤੀ ਕੋਲ ਦਾਇਰ ਕੀਤੀ ਗਈ ਪਟੀਸ਼ਨ ਵਾਪਸ ਲੈਣ ਸੰਬੰਧੀ ਸਿੱਖ ਜਥੇਬੰਦੀਆਂ, ਸੰਪਰਦਾਵਾਂ, ਬੁੱਧੀਜੀਵੀਆਂ ਅਤੇ ਵਿਦਵਾਨਾਂ ਨੂੰ ਆਪੋ-ਆਪਣੀ ਰਾਏ ਸ੍ਰੀ ਅਕਾਲ ਤਖਤ ਵਿਖੇ ਭੇਜਣ ਲਈ ਆਖਿਆ ਗਿਆ।

ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦੱਸਿਆ ਕਿ ਰਾਜੋਆਣਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਉਨ੍ਹਾ ਦੀ ਫਾਂਸੀ ਦੀ ਸਜ਼ਾ ਦੇ ਖਿਲਾਫ ਰਾਸ਼ਟਰਪਤੀ ਕੋਲ ਦਾਇਰ ਪਟੀਸ਼ਨ ਵਾਪਸ ਲੈ ਲਈ ਜਾਵੇ, ਕਿਉਂਕਿ ਉਹ ਪਿਛਲੇ ਤਕਰੀਬਨ 30 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ'ਚ ਹਨ ਅਤੇ ਪਿਛਲੇ ਲਗਭਗ 18 ਸਾਲ ਤੋਂ ਫਾਂਸੀ ਦੀ ਚੱਕੀ 'ਚ ਬੰਦ ਹਨ। ਪਿਛਲੇ ਲਗਭਗ 12 ਸਾਲਾਂ ਤੋਂ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾ ਦੀ ਫਾਂਸੀ ਦੀ ਸਜ਼ਾ ਦੇ ਖਿਲਾਫ ਅਪੀਲ ਭਾਰਤ ਸਰਕਾਰ ਕੋਲ ਸੁਣਵਾਈ ਅਧੀਨ ਹੈ ਪਰ ਸਰਕਾਰ ਇਸ ਬਾਰੇ ਕੋਈ ਫੈਸਲਾ ਨਹੀਂ ਲੈ ਰਹੀ। ਇਸ ਮਾਮਲੇ 'ਚ ਯੋਗ ਆਦੇਸ਼ ਲੈਣ ਵਾਸਤੇ ਸ਼੍ਰੋਮਣੀ ਕਮੇਟੀ ਨੇ ਸ੍ਰੀ ਅਕਾਲ ਤਖਤ ਵਿਖੇ ਪੱਤਰ ਭੇਜਿਆ ਸੀ, ਜਿਸ 'ਤੇ ਵਿਚਾਰ ਕੀਤੀ ਗਈ ਹੈ।

ਇਸ ਤੋਂ ਇਲਾਵਾ ਪੰਜ ਸਿੰਘ ਸਾਹਿਬਾਨ ਵੱਲੋਂ ਆਦੇਸ਼ ਕੀਤਾ ਗਿਆ ਹੈ ਕਿ ਗੁਰੂ ਸਾਹਿਬਾਨ ਦੇ ਗੁਰਪੁਰਬ ਅਤੇ ਜੋੜ ਮੇਲੇ ਗੁਰਮਤ ਤੋਂ ਸੇਧ ਲੈ ਕੇ ਅਤੇ ਭੈ-ਭਾਵਣੀ 'ਚ ਮਨਾਏ ਜਾਣ।

ਉਨ੍ਹਾ ਕਿਹਾ ਕਿ ਅਗਲੇ ਦਿਨਾਂ 'ਚ ਬਟਾਲਾ ਵਿਖੇ ਮਨਾਏ ਜਾਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਮੌਕੇ ਨਾਚ ਗਾਣੇ, ਹੁਲੜਬਾਜ਼ੀ, ਮਨਮਤੀ ਵਿਆਹਾਂ ਵਾਂਗ ਗੁਰਮਤ ਵਿਰੋਧੀ ਕਿਸੇ ਤਰ੍ਹਾਂ ਦੇ ਮਨਮਤੀ ਕਰਮ ਨਾ ਕੀਤੇ ਜਾਣ। ਉਨ੍ਹਾ ਕਿਹਾ ਕਿ ਅਜਿਹਾ ਰੁਝਾਨ ਪਹਿਲਾਂ ਸਾਹਮਣੇ ਆਇਆ ਹੈ, ਜੋ ਕਿ ਠੀਕ ਨਹੀਂ ਹੈ।

ਮੋਦੀ ਨੇ ਮੁਆਫੀ ਮੰਗੀ

ਪਾਲਘਰ : ਮਹਾਰਾਸ਼ਟਰ ਦੇ ਸਿੰਧੂਦੁਰਗ ਜ਼ਿਲ੍ਹੇ ਵਿਚ ਛਤਰਪਤੀ ਸ਼ਿਵਾ ਜੀ ਮਹਾਰਾਜ ਦਾ ਬੁੱਤ ਡਿੱਗਣ ਦੀ ਘਟਨਾ ਉਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਸ਼ਿਵਾ ਜੀ ਅਤੇ ਇਸ ਘਟਨਾ ਤੋਂ ਦੁਖੀ ਲੋਕਾਂ ਕੋਲੋਂ ਮੁਆਫੀ ਮੰਗਦਿਆਂ ਇਸ 'ਤੇ ਅਫਸੋਸ ਜ਼ਾਹਰ ਕੀਤਾ ਹੈ। 76 ਹਜ਼ਾਰ ਕਰੋੜ ਰੁਪਏ ਦੀ ਲਾਗਤ ਵਾਲੇ ਵਧਵਾਨ ਬੰਦਰਗਾਹ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਬੋਲਦਿਆਂ ਮੋਦੀ ਨੇ ਕਿਹਾ-ਛਤਰਪਤੀ ਸ਼ਿਵਾ ਜੀ ਮਹਾਰਾਜ ਮਹਿਜ਼ ਇਕ ਨਾਂਅ ਜਾਂ ਇਕ ਰਾਜਾ ਹੀ ਨਹੀਂ ਸਨ, ਉਹ ਸਾਡੇ ਦੇਵਤਾ ਹਨ। ਮੈਂ ਉਨ੍ਹਾ ਦੇ ਪੈਰਾਂ ਵਿਚ ਸਿਰ ਝੁਕਾਉਂਦਾ ਹਾਂ ਅਤੇ ਆਪਣੇ ਦੇਵਤਾ ਤੋਂ ਮੁਆਫੀ ਮੰਗਦਾ ਹਾਂ। ਮੋਦੀ ਨੇ ਇਸ ਬੁੱਤ ਦਾ ਬੀਤੇ ਸਾਲ ਦਸੰਬਰ 'ਚ ਉਦਘਾਟਨ ਕੀਤਾ ਸੀ, ਜਿਹੜਾ 26 ਅਗਸਤ ਨੂੰ ਡਿੱਗ ਗਿਆ ਸੀ।

ਕੇਰਲਾ 'ਚ ਭਾਰੀ ਮੀਂਹ

ਤਿਰੁਅਨੰਤਮਪੁਰਮ : ਭਾਰਤ ਦੇ ਦੱਖਣੀ ਸੂਬੇ ਕੇਰਲ ਦੇ ਕਈ ਹਿੱਸਿਆਂ ਵਿਚ ਸ਼ੁੱਕਰਵਾਰ ਸਵੇਰ ਭਾਰੀ ਮੀਂਹ ਪੈਣ ਕਾਰਨ ਸੜਕਾਂ 'ਤੇ ਪਾਣੀ ਭਰਨ ਨਾਲ ਆਵਜਾਈ ਪ੍ਰਭਾਵਤ ਹੋਈ। ਉਧਰ ਭਾਰਤੀ ਮੌਸਮ ਵਿਭਾਗ ਨੇ ਸੱਤ ਜ਼ਿਲ੍ਹਿਆਂ ਲਈ ਔਰੇਂਜ ਅਲਰਟ ਜਾਰੀ ਕੀਤਾ ਹੈ। ਭਾਰੀ ਮੀਂਹ ਦੀ ਚੇਤਾਵਨੀ ਦੇ ਮੱਦੇਨਜ਼ਰ ਆਫਤ ਪ੍ਰਬੰਧਨ ਵਿਭਾਗ ਨੇ ਢਿੱਗਾਂ ਖਿਸਕਣ ਅਤੇ ਹੜ੍ਹ ਸੰਭਾਵਤ ਖੇਤਰਾਂ ਵਿਚ ਰਹਿ ਰਹੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਕਿਹਾ ਹੈ। ਇਸ ਦੇ ਨਾਲ ਹੀ ਹੇਠਲੇ ਖੇਤਰ ਅਤੇ ਨਦੀ ਕਿਨਾਰੇ ਰਹਿਣ ਵਾਲੇ ਲੋਕਾਂ ਨੂੰ ਰਾਹਤ ਕੈਂਪਾਂ ਵਿਚ ਜਾਣ ਦੀ ਸਲਾਹ ਦਿੱਤੀ ਗਈ ਹੈ।

ਟਾਈਟਲਰ ਖਿਲਾਫ ਦੋਸ਼ ਤੈਅ

ਨਵੀਂ ਦਿੱਲੀ : 1984 ਦੇ ਸਿੱਖ ਨਸਲਕੁਸ਼ੀ ਮਾਮਲੇ 'ਚ ਕਾਂਗਰਸੀ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਜਗਦੀਸ਼ ਟਾਈਟਲਰ 'ਤੇ ਦਿੱਲੀ ਦੀ ਅਦਾਲਤ ਨੇ ਦੋਸ਼ ਤੈਅ ਕਰ ਦਿੱਤੇ ਹਨ। ਰਾਊਜ ਐਵਨਿਊ ਕੋਰਟ ਨੇ ਉਸ ਖਿਲਾਫ ਗੁਰਦੁਆਰਾ ਪੁਲ ਬੰਗਸ਼ ਨੇੜੇ 3 ਸਿੱਖਾਂ ਦੇ ਹੋਏ ਕਤਲ ਦੇ ਮਾਮਲੇ 'ਚ ਧਾਰਾ 143, 147,

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਨੂੰ ਸਮਰਪਤ ਧਾਰਮਕ ਸਮਾਗਮ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਸ਼੍ਰੋਮਣੀ ਕਮੇਟੀ ਪ੍ਰਬੰਧ ਅਧੀਨ ਨੌਵੇਂ ਪਾਤਸ਼ਾਹ ਦੇ ਚਰਨਛੋਹ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਸੰਗਤਾਂ ਵੱਲੋਂ ਗੁਰੂ ਘਰ ਨਤਮਸਤਕ ਹੋ ਕੇ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ ਰੱਖੇ ਗਏ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਤੇ ਹਜ਼ੂਰੀ ਕੀਰਤਨੀ ਰਾਗੀ ਭਾਈ ਜਸਵਿੰਦਰ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਸਰਵਣ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।ਧਾਰਮਿਕ ਸਮਾਗਮ ਦੌਰਾਨ ਹੈੱਡ ਗ੍ਰੰਥੀ ਭਾਈ ਭੁਪਿੰਦਰਪਾਲ ਸਿੰਘ ਨੇ ਸਰਬੱਤ ਦੀ ਭਲੇ ਅਰਦਾਸ ਕੀਤੀ ਅਤੇ ਸੰਗਤਾਂ ਨੂੰ ਸੰਪੂਰਨਤਾ ਦਿਵਸ ਦੀ ਵਧਾਈ ਵੀ ਦਿੱਤੀ।ਧਾਰਮਿਕ ਸਮਾਗਮ ਦੌਰਾਨ ਉਚੇਚੇ ਤੌਰ 'ਤੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅਤਿੰਗ ਕਮੇਟੀ ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜੂ, ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਆਦਿ ਹਾਜ਼ਰ ਸਨ।ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 318ਵੇਂ ਸੰਪੂਰਨਤਾ ਦਿਵਸ ਦੀ ਵਧਾਈ ਦਿੱਤੀ ਤੇ ਇਤਿਹਾਸ ਦੀ ਰੋਸ਼ਨੀ 'ਚ ਜਾਣੂ ਕਰਾਇਆ। ਪ੍ਰੋ. ਬਡੂੰਗਰ ਨੇ ਕਿਹਾ ਕਿ ਇਹ ਪਾਵਨ ਗ੍ਰੰਥ ਪੂਰੀ ਦੁਨੀਆ ਦਾ ਵਿਲੱਖਣ ਤੇ ਮਹਾਨ ਗ੍ਰੰਥ ਹੈ, ਜੋ ਸਾਰਿਆਂ ਨੂੰ ਅਧਿਆਤਮਕ ਤੇ ਸਿਧਾਂਤਕ ਤੌਰ 'ਤੇ ਅਗਵਾਈ ਪ੍ਰਦਾਨ ਕਰਦਾ ਹੈ।

ਜ਼ੋਨ ਪੱਧਰੀ ਖੇਡ ਮੁਕਾਬਲਿਆਂ 'ਚ ਸਰਕਾਰੀ ਸਕੂਲ ਅੌਲਖ ਦੀਆਂ ਸ਼ਾਨਦਾਰ ਪ੍ਰਾਪਤੀਆਂ

ਪੰਜਗਰਾਈ ਕਲਾਂ (ਰਛਪਾਲ ਭੁੱਲਰ)-ਸਿੱਖਿਆ ਵਿਭਾਗ ਪੰਜਾਬ ਵੱਲੋਂ ਸਕੂਲਾਂ ਵਿੱਚ ਕਰਾਏ ਜਾ ਰਹੇ ਜ਼ੋਨ ਪੱਧਰੀ ਖੇਡ ਮੁਕਾਬਲੇ ਦੇ ਜ਼ੋਨ ਪੰਜਗਰਾਈਂ ਕਲਾਂ ਅਧੀਨ ਆਉਂਦੇ ਸਰਕਾਰੀ ਹਾਈ ਸਕੂਲ ਅੌਲਖ ਵਿਖੇ ਜ਼ੋਨ ਪ੍ਰਧਾਨ ਅਤੇ ਮੁੱਖ ਅਧਿਆਪਕ ਜਗਜੀਵਨ ਸਿੰਘ ਦੀ ਅਗਵਾਈ ਹੇਠ ਕਰਾਏ ਗਏ। ਸਕੂਲ ਦੇ ਮੁੱਖ ਅਧਿਆਪਕ ਨੇ ਦੱਸਿਆ ਹੈ ਕਿ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਸਕੂਲ ਨੇ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ। ਸਕੂਲ ਦੀਆਂ ਟੀਮਾਂ ਵਿਚੋਂ-14 ਅਤੇ -17 ਫੁੱਟਬਾਲ ਲੜਕੇ ਪਹਿਲਾਂ ਸਥਾਨ, -17 ਟੇਬਲ ਟੈਨਿਸ ਲੜਕੇ ਪਹਿਲਾਂ ਸਥਾਨ, -14 ਟੇਬਲ ਟੈਨਿਸ ਲੜਕੀਆਂ ਦੂਜਾ ਸਥਾਨ, -17 ਕਬੱਡੀ ਸਰਕਲ ਸਟਾਈਲ ਲੜਕੇ ਅਤੇ ਲੜਕੀਆਂ ਦੂਜਾ ਸਥਾਨ, -14 ਕਬੱਡੀ ਸਰਕਲ ਸਟਾਈਲ ਲੜਕੇ ਪਹਿਲਾ ਸਥਾਨ,-17 ਬੈਡਮਿੰਟਨ ਸਿੰਗਲਜ ਮੁੰਡੇ ਪਹਿਲਾ ਸਥਾਨ, -17 ਬੈਡਮਿੰਟਨ ਡਬਲਜ ਮੁੰਡੇ ਤੀਜਾ ਸਥਾਨ, -14 ਬੈਡਮਿੰਟਨ ਸਿੰਗਲਜ ਲੜਕੀਆਂ ਤੀਜਾ ਸਥਾਨ, -14 ਬੈਡਮਿੰਟਨ ਡਬਲਜ ਲੜਕੀਆਂ ਪਹਿਲਾਂ ਸਥਾਨ, -17 ਬੈਡਮਿੰਟਨ ਸਿੰਗਲ ਅਤੇ ਡਬਲਜ ਲੜਕੀਆਂ ਤੀਜਾ ਸਥਾਨ, -17 ਕ੍ਰਿਕਟ ਲੜਕੇ ਦੂਜਾ ਸਥਾਨ, -17 ਕ੍ਰਿਕਟ ਕੁੜੀਆਂ ਪਹਿਲਾਂ ਸਥਾਨ, -14 ਅਤੇ -17 ਨੈਸ਼ਨਲ ਕਬੱਡੀ ਲੜਕੀਆਂ ਪਹਿਲਾ ਸਥਾਨ, -14 ਅਤੇ -17 ਸਾਈਕਲਿੰਗ ਲੜਕੇ ਪਹਿਲਾ ਸਥਾਨ, -14 ਅਤੇ -17 ਰੱਸਾਕਸ਼ੀ ਲੜਕੇ ਦੂਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।ਉਨ੍ਹਾਂ ਦੱਸਿਆ ਕਿ ਇਹ ਸਭ ਪ੍ਰਾਪਤੀਆਂ ਦਾ ਸਿਹਰਾ ਜ਼ੋਨ ਵਿੱਤ ਸਕੱਤਰ ਡੀ.ਪੀ.ਈ. ਸੱਜਣ ਕੁਮਾਰ ਵਧੀਆ ਵਿਦਿਆਰਥੀਆਂ ਦੀ ਕੀਤੀ ਮਿਹਨਤ ਨੂੰ ਜਾਂਦਾ ਹੈ।ਕ੍ਰਿਕਟ ਤੇ ਬੈਡਮਿੰਟਨ ਦੀ ਖੇਡ ਵਿੱਚ ਗੁਰਿੰਦਰਪਾਲ ਸਿੰਘ ਅਤੇ ਨਵਲ ਕਿਸ਼ੋਰ ਦਾ ਵਿਸ਼ੇਸ਼ ਸਹਿਯੋਗ ਰਿਹਾ।ਸਕੂਲ ਦੇ 215 ਵਿਦਿਆਰਥੀਆਂ ਵਿੱਚੋਂ 150 ਦੇ ਕਰੀਬ ਵਿਦਿਆਰਥੀਆਂ ਨੇ ਖੇਡਾਂ ਵਿੱਚ ਭਾਗ ਲਿਆ।ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।

ਸਿਲਵਰ ਓਕਸ ਸਕੂਲ 'ਚ ਖੇਡ ਦਿਵਸ ਮਨਾਇਆ

ਰਾਮਪੁਰਾ ਫੂਲ (ਦਰਸ਼ਨ ਸਿੰਦਲ)-ਸਿਲਵਰ ਓਕਸ ਸਕੂਲ ਰਾਮਪੁਰਾ ਦੇ ਖੇਡ ਮੈਦਾਨ ਵਿੱਚ ਖੇਡ ਦਿਵਸ ਤੀਬਰ ਊਰਜਾ ਨਾਲ ਮਨਾਇਆ ਗਿਆ।ਸਵਾਗਤੀ ਭਾਸ਼ਣ ਤੇ ਡਾਂਸ ਨਾਲ ਮੁੱਖ ਮਹਿਮਾਨ ਵਜੋਂ ਪੁੱਜੇ ਸਿਲਵਰ ਓਕਸ ਸਕੂਲਾਂ ਦੇ ਨਿਰਦੇਸ਼ਕਾ ਸ੍ਰੀਮਤੀ ਬਰਨਿੰਦਰ ਪਾਲ ਸੇਖੋਂ ਨੂੰ ਜੀ ਆਇਆਂ ਆਖਿਆ ਗਿਆ।ਇਸ ਖੇਡ ਦਿਵਸ ਨੂੰ ਨਰਸਰੀ ਜਮਾਤ ਦੇ ਨੰਨ੍ਹੇ-ਮੁੰਨੇ ਬੱਚਿਆਂ ਦੇ ਤੀਹ ਮੀਟਰ ਦੌੜ ਮੁਕਾਬਲੇ ਨਾਲ ਸ਼ੁਰੂ ਕੀਤਾ ਗਿਆ।ਇਸ ਤੋਂ ਬਾਅਦ ਯੂ. ਕੇ. ਜੀ. ਦੇ ਬੱਚਿਆਂ ਦੀ ਹੁਲਾਰਾਊਪ ਦੌੜ, ਜਮਾਤ ਪਹਿਲੀ ਦੇ ਫਰੇਟ ਰੋਲ ਰੇਸ ਮੁਕਾਬਲੇ ਹੋਏ।ਜਮਾਤ ਐੱਲ. ਕੇ. ਜੀ. ਦੇ ਬੱਚਿਆਂ ਵਿੱਚ ਮੈਟ ਰੇਸ ਵਿਦ ਬੌਲ ਦੇ ਮੁਕਾਬਲੇ ਕਰਵਾਏ ਗਏ।ਜਮਾਤ ਛੇਵੀਂ, ਸੱਤਵੀਂ ਦੇ ਮੁੰਡਿਆਂ ਵਿਚਕਾਰ 70 ਮੀਟਰ ਦੌੜ ਮੁਕਾਬਲੇ, ਪੰਜਵੀਂ ਦੇ ਬੱਚਿਆਂ ਵਿਚਕਾਰ ਸ਼ਾਟਪੁੱਟ ਤੇ ਚੌਥੀ ਲਈ ਕਰਵ ਰੇਸ ਮੁਕਾਬਲੇ ਕਰਵਾਏ ਗਏ।ਦੂਸਰੀ ਜਮਾਤ ਦੇ ਬੱਚਿਆਂ ਵਿਚਕਾਰ ਚਿਕਨ ਰੇਸ ਤੇ ਤੀਸਰੀ ਲਈ ਹਰਡਲ ਰੇਸ ਮੁਕਾਬਲੇ ਕਰਵਾਏ ਗਏ।ਇਸ ਤੋਂ ਬਾਅਦ ਛੇਵੀਂ, ਸੱਤਵੀਂ ਦੀਆਂ ਕੁੜੀਆਂ ਦੇ ਸਕਿਪਿੰਗ ਦੌੜ ਮੁਕਾਬਲੇ ਤੇ ਮੁੰਡਿਆਂ ਵਿਚਕਾਰ ਰੱਸਾਕਸੀ ਮੁਕਾਬਲੇ ਹੋਏ। ਨਿਰਦੇਸ਼ਕਾ ਬਰਨਿੰਦਰ ਪਾਲ ਸੇਖੋਂ ਨੇ ਬੱਚਿਆਂ ਨੂੰ ਬੇਮਿਸਾਲ ਮਿਹਨਤ ਦੀ ਦਾਦ ਦਿੰਦਿਆਂ ਖੇਡਾਂ ਦੇ ਜੀਵਨ ਵਿੱਚ ਯੋਗਦਾਨ ਬਾਰੇ ਦੱਸਦੇ ਹੋਏ ਕਿਹਾ ਕਿ ਖੇਡਾਂ ਇੱਕ ਖਿਡਾਰੀ ਵਿੱਚ ਆਤਮ-ਵਿਸ਼ਵਾਸ ਭਰ ਕੇ ਸਹਿਯੋਗ ਦੀ ਭਾਵਨਾ ਪੈਦਾ ਕਰਦੀਆਂ ਹਨ ਤੇ ਅਗਾਂਹਵਧੂ ਸੋਚ ਨੂੰ ਵਿਕਸਤ ਕਰਦੀਆਂ ਹਨ।ਮੁੱਖ ਅਧਿਆਪਕਾ ਸ੍ਰੀਮਤੀ ਛਾਇਆ ਵਿਨੋਚਾ ਨੇ ਨਿਰਦੇਸ਼ਕਾ ਮੈਡਮ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਮਾਨਸਿਕ ਵਿਕਾਸ ਦੇ ਨਾਲ-ਨਾਲ ਸਰੀਰਕ ਵਿਕਾਸ ਵੀ ਓਨਾ ਹੀ ਜ਼ਰੂਰੀ ਹੈ, ਕਿਉਂਕਿ ਨਿਰੋਗ ਸਰੀਰ ਵਿੱਚ ਹੀ ਨਿਰੋਗ ਦਿਮਾਗ਼ ਦਾ ਨਿਵਾਸ ਹੈ।ਅੰਤ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕਰਦੇ ਹੋਏ ਰਾਸ਼ਟਰੀ ਗਾਨ ਨਾਲ ਇਸ ਖਾਸ ਦਿਨ ਦੀ ਸਮਾਪਤੀ ਕੀਤੀ ਗਈ।

ਸੀ ਜੀ ਐੱਮ ਕਾਲਜ ਮੋਹਲਾਂ 'ਚ ਖੇਡ ਦਿਵਸ ਮਨਾਇਆ

ਮਲੋਟ (ਗੁਰਮੀਤ ਸਿੰਘ ਮੱਕੜ)-ਸੀ.ਜੀ.ਐੱਮ. ਕਾਲਜ ਮੋਹਲਾਂ ਵਿੱਚ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ ਜਨਮ ਦਿਨ ਨੂੰ ਸਮਰਪਤ ਖੇਡ ਦਿਵਸ ਮੌਕੇ ਵਿਦਿਆਰਥੀਆਂ ਦੀਆਂ ਖੇਡ ਗਤੀਵਿਧੀਆਂ ਕਰਵਾਈਆਂ ਗਈਆਂ। ਖੇਡਾਂ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਕਾਲਜ ਚੇਅਰਮੈਨ ਸੱਤਪਾਲ ਮੋਹਲਾਂ ਨੇ ਕਿਹਾ ਕਿ ਅੱਜ ਦਾ ਦਿਨ ਹਾਕੀ ਦੇ ਜਾਦੂਗਰ ਕਹੇ ਜਾਣ ਵਾਲੇ ਮੇਜਰ ਧਿਆਨ ਚੰਦ ਦਾ ਜਨਮ ਦਿਨ ਹੈ। ਉਨ੍ਹਾ ਦਾ ਜਨਮ 29 ਅਗਸਤ 1905 ਨੂੰ ਇਲਾਹਾਬਾਦ (ਭਾਰਤ) ਵਿੱਚ ਹੋਇਆ। ਉਨ੍ਹਾ ਨੇ ਉਲੰਪਿਕਸ 1928, 1932 ਤੇ 1936 ਵਿੱਚ 3 ਸੋਨੇ ਦੇ ਤਮਗੇ ਭਾਰਤ ਦੀ ਝੋਲੀ ਪਾਏ। ਕਾਲਜ ਪ੍ਰਿੰਸੀਪਲ ਡਾ. ਬਲਜੀਤ ਸਿੰਘ ਨੇ ਕਿਹਾ ਕਿ ਮੇਜਰ ਧਿਆਨ ਨੂੰ ਉਨ੍ਹਾਂ ਦੇ ਵਿਲੱਖਣ ਹਾਕੀ ਹੁਨਰ ਤੇ ਖੇਡ ਪ੍ਰਤੀ ਸਮਰਪਣ ਲਈ ਯਾਦ ਕੀਤਾ ਜਾਂਦਾ ਹੈ ਅਤੇ ਦੇਸ਼ ਦੇ ਖਿਡਾਰੀਆਂ ਨੂੰ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਤ ਕੀਤਾ ਜਾਂਦਾ ਹੈ। ਉਨ੍ਹਾ ਸਰੀਰਕ ਤੰਦਰੁਸਤੀ ਤੇ ਸਿਹਤਮੰਦ ਜੀਵਨਸ਼ੈਲੀ ਨੂੰ ਉਤਸ਼ਾਹਤ ਕਰਨ 'ਤੇ ਜ਼ੋਰ ਦਿੱਤਾ। ਕਾਲਜ ਮੈਨੇਜਮੈਂਟ ਕਮੇਟੀ ਮੈਂਬਰ ਨਵਜੀਤ ਮੋਹਲਾਂ, ਜਗਤਾਰ ਬਰਾੜ ਤੇ ਰਾਜ ਕੁਮਾਰ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਤੋਂ ਬਾਅਦ ਵਿਦਿਆਰਥੀਆਂ ਵਿਚਾਲੇ ਵਾਲੀਬਾਲ ਤੇ ਬੈਡਮਿੰਟਨ ਦੇ ਮੈਚ ਕਰਵਾਏ ਗਏ। ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਦੇ ਪ੍ਰੋ. ਪਵਨਪ੍ਰੀਤ ਸਿੰਘ ਤੇ ਪ੍ਰੋ. ਡਿੱਕੀਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕੀਤਾ ਅਤੇ ਕਿਹਾ ਕਿ ਖੇਡਾਂ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਜ਼ਰੂਰੀ ਹਨ। ਇਹ ਵਿਦਿਆਰਥੀਆਂ ਨੂੰ ਅਨੁਸ਼ਾਸਨ ਸਿਖਾਉਂਦੀਆਂ ਹਨ ਅਤੇ ਨਸ਼ੇ ਵਰਗੀ ਭੈੜੀ ਕੁਰੀਤੀ ਤੋਂ ਦੂਰ ਰੱਖਦੀਆਂ ਹਨ।

ਯੂਨੀਵਰਸਲ ਆਈ ਟੀ ਆਈ ਵਿਖੇ ਐਨ ਐਸ ਐਸ ਜਾਗਰੂਕਤਾ ਕੈਂਪ ਲਾਇਆ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਯੂਨੀਵਰਸਲ ਆਈਟੀਆਈ ਵੱਲੋਂ ਵਿਦਿਆਰਥੀਆਂ ਨੂੰ ਐਨਐਸਐਸ ਦੀ ਮਹੱਤਤਾ ਸਬੰਧੀ ਜਾਗਰੂਕ ਕਰਨ ਦੇ ਮਕਸਦ ਨਾਲ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸਮਾਗਮ ਵਿੱਚ ਮੁੱਖ ਬੁਲਾਰੇ ਦੇ ਤੌਰ 'ਤੇ ਐਨਐਸਐਸ ਦੇ ਪ੍ਰੋਗਰਾਮ ਅਫਸਰ ਸ੍ਰੀਮਤੀ ਕਿਰਨ ਬਾਲਾ ਨੇ ਸ਼ਿਰਕਤ ਕੀਤੀ। ਮੁੱਖ ਬੁਲਾਰੇ ਦੇ ਤੌਰ 'ਤੇ ਪਹੁੰਚੇ ਸ੍ਰੀਮਤੀ ਕਿਰਨ ਬਾਲਾ ਨੇ ਕੌਮਾਂਤਰੀ ਪੱਧਰ ਉੱਤੇ ਐਨਐਸਐਸ ਦਾ ਮਨੋਰਥ, ਲੋਗੋ, ਉਦੇਸ਼ ਤੇ ਐਨਐਸਐਸ ਦੁਆਰਾ ਮਨਾਏ ਜਾਣ ਵਾਲੇ ਦਿਨਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮਾਜ ਦੀ ਉੱਨਤੀ ਲਈ ਤੇ ਆਮ ਤੌਰ 'ਤੇ ਸਮਾਜ ਸੇਵਾ ਦੇ ਮਹੱਤਵ ਬਾਰੇ, ਭਵਿੱਖ ਵਿੱਚ ਇੱਕ ਬਿਹਤਰ ਰਾਸ਼ਟਰ ਦੇ ਨਿਰਮਾਣ ਵਿੱਚ ਅਨੁਸ਼ਾਸਨ ਦਾ ਬਹੁਤ ਵੱਡਾ ਰੋਲ ਹੈ। ਅਨੁਸ਼ਾਸਨ ਵਿੱਚ ਰਹਿਣ ਵਾਲੇ ਦੇਸ ਦੀ ਉੱਨਤੀ ਵਿੱਚ ਵਡਮੁੱਲਾ ਯੋਗਦਾਨ ਪਾਉਂਦੇ ਹਨ। ਉਨ੍ਹਾਂ ਐਨਐਸਐਸ ਵਲੰਟੀਅਰਾਂ ਨੂੰ ਰੈਗੂਲਰ ਗਤੀਵਿਧੀਆਂ, ਵਿਸ਼ੇਸ਼ ਕੈਂਪਾਂ ਤੇ ਹੋਰ ਸਵੈ-ਇੱਛਤ ਸੇਵਾਵਾਂ ਜੋ ਸਮੁੱਚੀ ਭਲਾਈ ਲਈ ਸਮਾਜ ਨੂੰ ਬਦਲ ਸਕਦੀਆਂ ਹਨ, ਬਾਰੇ ਜਾਣਕਾਰੀ ਦਿੱਤੀ। ਐਨਐਸਐਸ ਸਪੈਸ਼ਲ ਕੈਂਪਿੰਗ, ਐਨਐਸਐਸ ਪਲਾਂਟੇਸ਼ਨ ਵਰਗੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਸ਼ਾਮਲ ਹੋਣ ਦੀ ਅਪੀਲ ਕੀਤੀ। ਪ੍ਰੋਗਰਾਮ ਦੇ ਅੰਤ 'ਚ ਯੂਨੀਵਰਸਲ ਆਈਟੀਆਈ ਦੇ ਚੇਅਰਮੈਨ ਵਰਿੰਦਰ ਸਿੰਘ ਤੇ ਪ੍ਰਿੰਸੀਪਲ ਯਾਦਵਿੰਦਰ ਸਿੰਘ ਨੇ ਪ੍ਰੋਗਰਾਮ ਅਫ਼ਸਰ ਕਿਰਨ ਬਾਲਾ ਅਤੇ ਹਾਜ਼ਰ ਵਲੰਟੀਅਰਾਂ ਦਾ ਧੰਨਵਾਦ ਕੀਤਾ ।

ਸਿਆਸਤਦਾਨਾਂ ਨੇ ਪੰਜਾਬ ਨੂੰ ਸਮੱਸਿਆਵਾਂ ਦਾ ਸਮੁੰਦਰ ਬਣਾਇਆ : ਰਾਮੂਵਾਲੀਆ

■ ਵੈਨਕੂਵਰ ਇਲਾਕੇ 'ਚ ਭਰਵੇਂ ਇਕੱਠਾਂ ਨੂੰ ਕੀਤਾ ਸੰਬੋਧਨ

ਵੈਨਕੂਵਰ (ਮਲਕੀਤ ਸਿੰਘ)-ਕੈਨੇਡਾ ਫੇਰੀ ਦੌਰਾਨ ਇਥੇ ਪੁੱਜੇ ਸਾਬਕਾ ਕੇਂਦਰੀ ਮੰਤਰੀ ਤੇ ਘਾਗ ਸਿਆਸੀ ਨੇਤਾ ਬਲਵੰਤ ਸਿੰਘ ਰਾਮੂਵਾਲੀਆ ਦਾ ਵਿਦੇਸ਼ਾਂ ਵਿੱਚ ਜਲਵਾ ਹਾਲੇ ਵੀ ਪੂਰੀ ਤਰ੍ਹਾਂ ਬਰਕਰਾਰ ਹੈ।ਪਿਛਲੇ ਦਿਨੀਂ ਵੈਨਕੂਵਰ ਤੇ ਸਰ੍ਹੀ ਵਿੱਚ ਵੱਖ ਵੱਖ ਸਮਾਗਮਾਂ ਵਿੱਚ ਪੰਜਾਬੀਆਂ ਨੇ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ।ਜ਼ਿਕਰਯੋਗ ਹੈ ਕਿ ਵੱਖ ਵੱਖ ਪਾਰਟੀਆਂ ਦੇ ਕੁਝ ਸਿਆਸਤਦਾਨ ਇਸ ਵਰ੍ਹੇ ਕੈਨੇਡਾ ਆਏ, ਪਰ ਲੋਕਾਂ ਦੇ ਵਿਰੋਧ ਦੇ ਡਰੋਂ ਪਬਲਿਕ ਮੀਟਿੰਗਾਂ ਕਰਨ ਤੋਂ ਦੂਰ ਹੀ ਰਹੇ।ਰਾਮੂਵਾਲੀਆ ਪਿਛਲੇ ਚਾਰ ਦਹਾਕਿਆਂ ਤੋਂ ਵਿਦੇਸ਼ੀ ਪੰਜਾਬੀਆਂ ਦੇ ਮਸਲੇ ਹੱਲ ਕਰਨ ਲਈ ਤਤਪਰ ਰਹੇ, ਜਿਸ ਦੇ ਨਤੀਜੇ ਵਜੋਂ ਅਨੇਕਾਂ ਕਿਸਮ ਦੇ ਮਸਲੇ ਹੱਲ ਹੋਏ ਤੇ ਅੱਜ ਵੀ ਪੰਜਾਬੀ ਰਾਮੂਵਾਲੀਆ ਨੂੰ ਆਪਣੇ ਮਸਲਿਆਂ ਦਾ ਪਹਿਰੇਦਾਰ ਮੰਨ ਰਹੇ ਹਨ। ਰਾਮੂਵਾਲੀਆ ਨੇ ਸਰ੍ਹੀ ਦੇ ਇੱਕ ਹਾਲ ਵਿੱਚ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈਨੂੰ ਦੁੱਖ ਹੈ ਕਿ ਸਿਆਸਤਦਾਨਾਂ ਦੀ ਬੇਕਿਰਕ ਖ਼ੁਦਗਰਜ਼ੀ ਕਰਕੇ ਪੰਜਾਬ ਸਮੱਸਿਆਵਾਂ ਦਾ ਸਮੁੰਦਰ ਬਣ ਚੁੱਕਾ ਹੈ।ਉਨ੍ਹਾ ਕਿਹਾ ਕਿ ਸਿਆਸੀ ਪਾਰਟੀਆਂ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਦੀਆਂ ਸਕੀਮਾਂ ਦੀ ਥਾਂ ਸਿਰਫ ਚੋਣਾਂ ਲੜਨ ਤੇ ਜਿੱਤਣ ਦੀਆਂ ਸਕੀਮਾਂ ਹੀ ਬਣਾਉਂਦੀਆਂ ਹਨ।ਉਨ੍ਹਾ ਕਿਹਾ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਅਸਲ ਮੁੱਦੇ ਛੱਡ ਕੇ ਮੌਕਾਪ੍ਰਸਤੀ ਦੀ ਸਿਆਸਤ ਕਰ ਰਹੀਆਂ ਹਨ।ਉਨ੍ਹਾ ਪਰਵਾਸੀ ਪੰਜਾਬੀਆਂ ਨੂੰ ਕਿਹਾ ਕਿ ਜਦੋਂ ਕੋਈ ਲੀਡਰ ਵਿਦੇਸ਼ ਆਵੇ ਤਾਂ ਉਸ ਦਾ ਗੁਲਦਸਤਿਆਂ ਨਾਲ ਸਵਾਗਤ ਕਰਨ ਦੀ ਥਾਂ ਆਪਣੀਆਂ ਸਮੱਸਿਆਵਾਂ ਦਾ ਪੋਪਰ ਦੇ ਕੇ ਸਵਾਲ ਕਰਨ ਦੀ ਆਦਤ ਪਾਓ।ਰਾਮੂਵਾਲੀਆ ਨੇ ਆਪਣੇ ਸੰਬੋਧਨ ਤੋਂ ਬਾਅਦ ਖੁੱਲ੍ਹਾ ਐਲਾਨ ਕਰਦਿਆਂ ਕਿਹਾ ਕਿ ਜੇਕਰ ਮੈਨੂੰ ਕੋਈ ਵੀ ਸਵਾਲ ਕਰਨਾ ਚਹੁੰਦਾ ਹੈ ਤਾਂ ਮਾਇਕ 'ਤੇ ਆ ਕੇ ਕਰ ਸਕਦਾ ਹੈ।ਇਸ ਮੌਕੇ ਘੱਟ ਗਿਣਤੀ ਕਮਿਸ਼ਨ ਦੇ ਉੱਪ ਚੇਅਰਮੈਨ ਰਹੇ ਪ੍ਰੋ: ਬਾਵਾ ਸਿੰਘ ਨੇ ਕਿਹਾ ਕਿ ਜਿੰਨਾ ਟਾਈਮ ਸ੍ਰ. ਰਾਮੂਵਾਲੀਆ ਵਰਗਾ ਤਜਰਬੇਕਾਰ ਤੇ ਪੜ੍ਹਿਆ ਲਿਖਿਆ ਲੀਡਰ ਪੰਜਾਬ ਦੀ ਵਾਗਡੋਰ ਨਹੀਂ ਫੜਦਾ, ਉਨਾ ਟਾਇਮ ਸਮੱਸਿਆਵਾਂ ਨੇ ਪੰਜਾਬ ਦਾ ਖਹਿੜਾ ਨਹੀਂ ਛੱਡਣਾ।ਇਸ ਮੌਕੇ ਚਮਕੌਰ ਸਿੰਘ ਸੇਖੋਂ, ਨਵਦੀਪ ਸਿੰਘ ਗਿੱਲ ਮੰਡੀ ਕਲਾਂ, ਬੀਬੀ ਰੁਪਿੰਦਰ ਕੌਰ ਸਿੱਧੂ, ਮੋਹਨ ਗਿੱਲ, ਜਰਨੈਲ ਸਿੰਘ ਸੇਖਾ, ਪ੍ਰਿੰਸੀਪਲ ਮਲੂਕ ਚੰਦ ਕਲੇਰ, ਅੰਗਰੇਜ਼ ਬਰਾੜ, ਦਰਸ਼ਨ ਸੰਘਾ, ਸੁਰਜੀਤ ਮਾਧੋਪੁਰੀ, ਸੁਖਵਿੰਦਰ ਸਿੰਘ ਚੋਹਲਾ ਆਦਿ ਬੁਲਾਰਿਆਂ ਨੇ ਰਾਮੂਵਾਲੀਆ ਵੱਲੋਂ ਕੀਤੇ ਕੰਮਾਂ ਦਾ ਜ਼ਿਕਰ ਕੀਤਾ।ਇਸ ਮੌਕੇ ਸਰਪੰਚ

31-Aug-PAGE-3.qxd 8/30/2024 10:34 PM Page 1

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਜ਼ਿਲ੍ਹੇ ਭਰ 'ਚ ਥਾਂ-ਥਾਂ ਕੇਂਦਰ ਤੇ ਪੰਜਾਬ ਸਰਕਾਰ ਦੇ ਪੁਤਲੇ ਫੂਕੇ

ਪੱਟੀ (ਸ਼ਮਸ਼ੇਰ ਸਿੰਘ ਯੋਧਾ, ਬਲਦੇਵ ਸਿੰਘ ਸੰਧੂ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਜ਼ਿਲ੍ਹਾ ਤਰਨਤਾਰਨ ਵਿੱਚ ਅਨੇਕਾਂ ਥਾਵਾਂ 'ਤੇ ਕੇਂਦਰ ਅਤੇ ਪੰਜਾਬ ਸਰਕਾਰ ਦੇ ਪੁਤਲੇ ਫੂਕੇ ਗਏ।ਪੱਟੀ ਜ਼ੋਨ ਅਤੇ ਭਾਈ ਝਾੜੂ ਜੀ ਵਲਟੋਹਾ ਜ਼ੋਨ ਵੱਲੋਂ ਪੱਟੀ ਸ਼ਹਿਰ ਦੇ ਕੁੱਲੇ ਚੌਕ ਨੂੰ ਜਾਮ ਕਰਕੇ ਕੇਂਦਰ ਅਤੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ।

ਇਸ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਮੇਹਰ ਸਿੰਘ ਤਲਵੰਡੀ, ਗੁਰਭੇਜ ਸਿੰਘ ਧਾਰੀਵਾਲ, ਤਰਸੇਮ ਸਿੰਘ ਧਾਰੀਵਾਲ, ਆਤਮਾ ਸਿੰਘ ਘਰਿਆਲੀ, ਸੁਖਦੇਵ ਸਿੰਘ ਦੁੱਬਲੀ, ਸਵਰਨ ਸਿੰਘ ਹਰੀਕੇ ਨੇ ਕਿਹਾ ਕਿ ਬੀਤੇ ਦਿਨ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਸ਼ੇਖ ਫੱਤਾ ਵਿਖੇ ਭਾਰੀ ਫੋਰਸਾਂ ਲੈ ਕੇ ਪ੍ਰਸ਼ਾਸਨ ਨੇ ਕਿਸਾਨਾਂ ਦੀਆਂ ਜ਼ਮੀਨਾਂ ਉਤੇ ਜਬਰੀ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ।ਕਿਸਾਨਾਂ ਦੀਆਂ ਪੁੱਤਾਂ ਵਾਂਗ ਪਾਲੀਆਂ ਫਸਲਾਂ ਨੂੰ ਤਹਿਸ ਨਹਿਸ ਕਰ ਦਿੱਤਾ।ਕਿਸਾਨਾਂ 'ਤੇ ਅੱਤਿਆਚਾਰ ਕਰਦਿਆਂ ਕਿਸਾਨਾਂ ਦੀਆਂ ਪੱਗਾਂ ਲਾਹੀਆਂ ਗਈਆਂ।ਰੋਡ ਵਿੱਚ ਕਿਸਾਨਾਂ ਦੀਆਂ ਮੋਟਰਾਂ ਤੇ ਘਰ ਆ ਰਹੇ ਹਨ ।ਉਨ੍ਹਾਂ ਦਾ ਕੋਈ ਹੱਲ ਨਹੀਂ ਸਰਕਾਰ ਵੱਲੋਂ ਕੱਢਿਆ ਗਿਆ। ਨਾ ਹੀ ਕੋਈ ਮੁਆਵਜ਼ਾ ਦਿੱਤਾ ਗਿਆ।ਕਿਸਾਨਾਂ ਦੇ ਭਾਰੀ ਵਿਰੋਧ ਤੋਂ ਬਾਅਦ ਪ੍ਰਸ਼ਾਸਨ ਨੂੰ ਵਾਪਸ ਮੋੜਿਆ। ਉਨ੍ਹਾਂ ਨੇ ਕਿਹਾ 2013 ਭੂਮੀ ਐਕਟ ਅਧੀਨ ਸਰਕਾਰ 80% ਕਿਸਾਨਾਂ ਦੀ ਸਹਿਮਤੀ ਅਤੇ ਚਾਰ ਗੁਣਾ ਵੱਧ ਮੁਆਵਜ਼ਾ ਦੇਣ ਤੋਂ ਬਿਨਾਂ ਕਿਸਾਨਾਂ ਦੀਆਂ ਜ਼ਮੀਨਾਂ ਐਕਵਾਇਰ ਨਹੀਂ ਕਰ ਸਕਦੀ।ਪੰਜਾਬ ਵਿੱਚ ਪਹਿਲਾਂ ਭੂਮੀ ਐਕਟ 2013 ਹੀ ਲਾਗੂ ਹੈ।ਅਜੇ ਨਵਾਂ ਐਕਟ ਲਾਗੂ ਨਹੀਂ ਕੀਤਾ ਗਿਆ ਪਰ ਇਸ ਦੇ ਉਲਟ ਕਿਸਾਨਾਂ ਨੂੰ ਬਿਨਾਂ ਕੋਈ ਮੁਆਵਜ਼ਾ ਦਿੱਤੇ ਕਿਸਾਨਾਂ ਦੀਆਂ ਜ਼ਮੀਨਾਂ ਪ੍ਰਸ਼ਾਸਨ ਦੇ ਜ਼ੋਰ 'ਤੇ ਧੱਕੇ ਨਾਲ ਐਕਵਾਇਰ ਕੀਤੀਆਂ ਜਾ ਰਹੀਆਂ ਹਨ।ਕਿਸਾਨ ਆਗੂਆਂ ਨੇ ਕਿਹਾ ਕਿ ਜਿਹੜੇ ਕਿਸਾਨਾਂ ਦੀਆਂ ਫਸਲਾਂ ਪ੍ਰਸ਼ਾਸਨ ਵੱਲੋਂ ਉਜਾੜ ਦਿੱਤੀਆਂ ਗਈਆਂ ਹਨ ਉਨਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ।ਜਿਹੜੇ ਪ੍ਰਸ਼ਾਸਨ ਦੇ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ ਅਨੁਸਾਰ ਕਿਸਾਨਾਂ ਤੇ ਜਬਰ ਜ਼ੁਲਮ ਢਾਇਆ ਗਿਆ ਅਤੇ ਫਸਲਾਂ ਖਰਾਬ ਕੀਤੀਆਂ ਗਈਆਂ ਹਨ ਉਨ੍ਹਾਂ ਉਪਰ ਪਰਚਾ ਕੱਟਿਆ ਜਾਵੇ।ਇਸ ਮੌਕੇ ਗੁਰਜੰਟ ਸਿੰਘ ਭੱਗੂਪੁਰ, ਸੁਖਬੀਰ ਸਿੰਘ ਢਿੱਲੋਂ, ਜੁਗਰਾਜ ਸਿੰਘ ਸਭਰਾ, ਸਤਨਾਮ ਸਿੰਘ ਹਰੀਕੇ, ਰੂਪ ਸਿੰਘ ਸੈਦੋਂ, ਮੇਜਰ ਸਿੰਘ ਜੋਧ ਸਿੰਘ ਵਾਲਾ, ਹਰਿੰਦਰ ਸਿੰਘ ਆਸਲ, ਦਲਬੀਰ ਸਿੰਘ ਭੂਰਾ, ਗੁਲਜ਼ਾਰ ਸਿੰਘ ਕਾਲਾ, ਬਖਸ਼ੀਸ਼ ਸਿੰਘ ਘਰਿਆਲੀ, ਬਲਦੇਵ ਸਿੰਘ, ਜਰਨੈਲ ਸਿੰਘ ਧਾਲੀਵਾਲ, ਬੋਹੜ ਸਿੰਘ, ਸੁਖਵੰਤ ਸਿੰਘ ਪੱਟੀ, ਸ਼ੇਰ ਸਿੰਘ ਕੋਟ ਬੁੱਢਾ, ਸਾਬ ਸਿੰਘ, ਸੁਖਚੈਨ ਸਿੰਘ ਪੱਟੀ, ਸੁਬੇਗ ਸਿੰਘ ਪੱਟੀ, ਬਲਕਾਰ ਸਿੰਘ ਸਭਰਾ, ਲਖਬੀਰ ਸਿੰਘ ਮਾਹਣੇਕੇ, ਜੈਦੀਪ ਸਿੰਘ ਭੁੱਗੂਪੁਰ ਪੰਜਾਬ ਖੇਤੀ ਸਟੋਰ ਵਾਲੇ, ਗੁਰਸਾਬ ਸਿੰਘ ਮਨਿਹਾਲਾ ਆਦਿ ਆਗੂ ਹਾਜ਼ਰ ਸਨ।

ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਦੇ ਵਿਦਿਆਰਥੀ ਖੋ-ਖੋ ਮੁਕਾਬਲਿਆਂ 'ਚ ਛਾਏ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ 75 ਵੀਆਂ ਜ਼ਿਲਾ ਪੱਧਰੀ ਖੋ-ਖੋ ਮੁਕਾਬਲਿਆਂ ਵਿੱਚ ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਦੀਆਂ ਵਿਦਿਆਰਥਣਾ ਦੀ ਅੰਡਰ 17 ਟੀਮ ਨੇ ਖੋ-ਖੋ 'ਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਿਲਵਰ ਮੈਡਲ ਜਿੱਤ ਕੇ ਆਪਣੀ ਸੰਸਥਾ,ਮਾਤਾ-ਪਿਤਾ ਅਤੇ ਕੋਚ ਸਾਹਿਬਾਨ ਦਾ ਨਾਮ ਰੌਸ਼ਨ ਕੀਤਾ। ਸੰਸਥਾ ਦੇ ਡਾਇਰੈਕਟਰ ਪ੍ਰਿੰਸੀਪਲ ਮਨਪ੍ਰੀਤ ਕੌਰ ਵਿਰਕ ਨੇ ਜਾਣਕਾਰੀ ਦਿੰਦੇ ਦੱਸਿਆ ਵਿਦਿਆਰਥਣਾਂ ਦੀ ਇਹ ਕਾਮਯਾਬੀ ਬਹੁਤ ਹੀ ਸ਼ਲਾਘਾਯੋਗ ਹੈ। ਇਸ ਮੌਕੇ ਉਹਨਾਂ ਨੇ ਇਸ ਗੱਲ ਤੇ ਹੋਰ ਵੀ ਜ਼ਿਆਦਾ ਖੁਸ਼ੀ ਪ੍ਰਗਟ ਕੀਤੀ ਕਿ ਇਹ ਸਾਰੀਆਂ ਹੀ ਵਿਦਿਆਰਥਣਾਂ ਅਕਾਦਮਿਕਤਾ ਵਿੱਚ ਵੀ ਮੋਹਰੀ ਹਨ ਅਤੇ ਇਹਨਾਂ ਵਿਦਿਆਰਥਣਾ ਨੇ ਇਹ ਧਾਰਨਾ ਵੀ ਬਦਲ ਦਿੱਤੀ ਕਿ ਪੜ੍ਹਾਈ ਵਿੱਚੋਂ ਮੋਹਰੀ ਵਿਦਿਆਰਥੀ ਖੇਡਾਂ ਵਿੱਚ ਰੁਝਾਨ ਨਹੀਂ ਰੱਖਦੇ।ਉਨ੍ਹਾਂ ਕਿਹਾ ਕਿ ਕੋਚ ਜਤਿੰਦਰ ਕੁਮਾਰ ਅਤੇ ਮੈਡਮ ਰਾਜਵਿੰਦਰ ਦੀ ਸੁਯੋਗ ਅਗਵਾਈ ਹੇਠ ਅਤੇ ਕਪਤਾਨ ਵਿਸ਼ਾਲੀ ਦੀ ਸ਼ਾਨਦਾਰ ਖੇਡ ਵਿਉਂਤਬੰਦੀ ਹੇਠ ਟੀਮ ਨੇ ਬਹੁਤ ਹੀ ਵਧੀਆ ਪ੍ਰਦਰਸ਼ਨ ਕੀਤਾ। ਇਸ ਮੌਕੇ ਬੱਚਿਆਂ ਨਾਲ ਗੱਲਬਾਤ ਕਰਦੇ ਹੋਏ ਕਪਤਾਨ ਵਿਸ਼ਾਲੀ ਨੇ ਕਿਹਾ ਕਿ ਜੇਕਰ ਹਰੇਕ ਟੀਮ ਮੈਂਬਰ

3 ਵਿਦਿਆਰਥਣਾ ਦੀ ਰਾਜ ਪੱਧਰੀ ਮੁਕਾਬਲਿਆਂ ਲਈ ਹੋਈ ਚੋਣ

ਆਪਣੀ ਸੌ ਪ੍ਰਤੀਸ਼ਤ ਮਿਹਨਤ ਕਰੇਗਾ ਤਾਂ ਹੀ ਟੀਮ ਖੇਡਾਂ ਵਿੱਚ ਜਿੱਤ ਪ੍ਰਾਪਤ ਕਰ ਸਕਦੀ ਹੈ ਅਤੇ ਉਸਨੂੰ ਆਪਣੀ ਅਜਿਹੀ ਕਾਬਿਲ ਟੀਮ ਉੱਪਰ ਪੂਰਾ ਮਾਣ ਸੀ। ਟੀਮ ਮੈਂਬਰ ਰਸ਼ਲੀਨ ਕੌਰ ਪਿੰਡ ਵਿਠਵਾਂ , ਏਕਮਪ੍ਰੀਤ ਕੌਰ ਪਿੰਡ ਤੁਗਲਵਾਲਾ, ਸ਼ੁੱਭਨੀਤ ਕੌਰ ਪਿੰਡ ਤੁਗਲਵਾਲਾ, ਜਸਨੀਤ ਕੌਰ ਪਿੰਡ ਔਲ੖ਖ, ਹਰਲੀਨ ਕੌਰ ਪਿੰਡ ਹੰਬੋਵਾਲ ਅਤੇ ਨਵਰੋਜਪ੍ਰੀਤ ਕੌਰ ਪਿੰਡ ਬਸਰਾਵਾਂ ਨੇ ਚੇਂਜਰ ਅਤੇ ਰਨਰ ਵਜੋਂ ਆਪਣੀ ਭੂਮਿਕਾ ਯੋਗ ਤਰੀਕੇ ਨਾਲ ਨਿਭਾਈ।ਇਸ ਦੇ ਨਾਲ ਹੀ ਵਿਸ਼ਾਲੀ, ਰਸ਼ਲੀਨ ਕੌਰ ਅਤੇ ਏਕਮਪ੍ਰੀਤ ਕੌਰ ਦੀ ਬੇਹੱਦ ਕੁਸ਼ਲ ਖੇਡ ਪ੍ਰਦਰਸ਼ਨ ਲਈ ਰਾਜ-ਪੱਧਰੀ ਖੋ-ਖੋ ਮੁਕਾਬਲਿਆਂ ਲਈ ਵੀ ਗੁਰਦਾਸਪੁਰ ਜਿਲੇ ਦੀ ਪ੍ਰਤਿਨਿਧਤਾ ਕਰਨ ਲਈ ਚੋਣ ਹੋਈ।ਇਸ ਮੌਕੇ ਸੰਸਥਾ ਦੇ ਮੁੱਖ ਪ੍ਰਬੰਧਕ ਗਗਨਦੀਪ ਸਿੰਘ ਵਿਰਕ ਅਤੇ ਪ੍ਰਿੰ. ਮੈਡਮ ਇੰਦਰਜੀਤ ਕੌਰ ਨੇ ਬੱਚਿਆਂ, ਉਨ੍ਹਾਂ ਦੇ ਮਾਤਾ-ਪਿਤਾ, ਕੋਚ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ।

ਗੁ. ਕਲਿਆਣਸਰ ਭੀਲੋਵਾਲ ਵਿਖੇ ਬਾਬਾ ਕਾਹਨ ਦਾਸ ਦੀ ਬਰਸੀ ਮਨਾਈ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਮਹਾਨ ਤਪਸਵੀ ਸੰਤ ਬਾਬਾ ਕਾਹਨ ਦਾਸ ਜੀ ਦੀ ਸਲਾਨਾ ਬਰਸੀ ਗੁਰਦੁਆਰਾ ਕਲਿਆਣਸਰ ਸਾਹਿਬ ਪਿੰਡ ਭੀਲੋਵਾਲ ਦੀ ਪ੍ਰਬੰਧਕ ਕਮੇਟੀ, ਐੱਨ.ਆਈ.ਆਰ. ਵੀਰਾਂ ਤੇ ਇਲਾਕੇ ਦੀਆਂ ਸੰਗਤਾਂ ਦੇ ਵੱਡੇ ਸਹਿਯੋਗ ਬੜੀ ਹੀ ਸ਼ਰਧਾ ਭਾਵਨਾ ਅਤੇ ਉਤਸਾਹ ਨਾਲ ਮਨਾਈ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿੱਚ ਉਚ ਕੋਟੀ ਦੇ ਰਾਗੀ ਸਿੰਘਾਂ ਵੱਲੋਂ ਕਥਾ ਕੀਰਤਨ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ ? ਬੁਲਾਰਿਆਂ ਵੱਲੋਂ ਸੰਤ ਬਾਬਾ ਕਾਨ ਦਾਸ ਦੇ ਜੀਵਨ ਬਾਰੇ ਬੜੇ ਹੀ ਵਿਸਥਾਰ ਨਾਲ ਸੰਗਤਾਂ ਨੂੰ ਦੱਸਿਆ ਗਿਆ ਅਤੇ ਇਹ ਵੀ ਦੱਸਿਆ ਗਿਆ ਅਤੇ ਸੰਤਾਂ ਮਹਾਂਪੁਰਸ਼ਾਂ ਵੱਲੋਂ ਦੱਸੇ ਹੋਏ ਮਾਰਗ ਤੇ ਚੱਲ ਕੇ ਅੰਮ੍ਰਿਤਧਾਰੀ ਹੋ ਕੇ ਦਸਾਂ ਨੌਹਾ ਦੀ ਕਿਰਤ ਕਰਨ ਲਈ ਸੰਗਤਾਂ ਨੂੰ ਪ੍ਰੇਰਨਾ ਕੀਤੀ ਗਈ ਇਸ ਮੌਕੇ ਤੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਮਜੀਠਾ ਜਗਵਿੰਦਰ ਪਾਲ ਸਿੰਘ ਜੱਗਾ ਮਜੀਠਾ ਵੀ ਉਚੇਚੇ ਤੌਰ ਤੇ ਸੰਗਤਾਂ ਦੇ ਵਿੱਚ ਸ਼ਾਮਿਲ ਹੋਏ ਜਿਨਾਂ ਨੇ ਸੰਤ ਬਾਬਾ ਕਾਹਨ ਦਾਸ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਦਿਲਬਾਗ ਸਿੰਘ ਅਤੇ ਹੋਰ ਆਗੂਆਂ ਵੱਲੋਂ ਆਈਆਂ ਹੋਈਆਂ ਸ਼ਖਸ਼ੀਅਤਾਂ ਨੂੰ ਸਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਹਿਬ ਸ੍ਰੀ ਅੰਮ੍ਰਿਤਸਰ ਤੇ ਧਰਮ ਪ੍ਰਚਾਰ ਕਮੇਟੀ ਦੇ ਸਹਿਯੋਗ ਨਾਲ ਇਕ ਮਹਾਨ ਅੰਮ੍ਰਿਤ ਸੰਚਾਰ ਵੀ ਕਰਵਾਇਆ ਗਿਆ ਜਿਸ ਦੀ ਅਗਵਾਈ ਪੰਜ ਪਿਆਰਿਆਂ ਸਿੰਘ ਸਾਹਿਬਾਨ ਵੱਲੋਂ ਕੀਤੀ ਗਈ।

ਸੀਈਪੀ ਟੈਸਟ -02 ਦੌਰਾਨ 434 ਸਕੂਲਾਂ ਦੀ ਕੀਤੀ ਮੌਨੀਟਰਿੰਗ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੰਜਾਬ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਸਰਕਾਰੀ ਸਕੂਲਾਂ ਵਿੱਚ ਛੇਵੀਂ ਤੋਂ ਦਸਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਸਮੋਂ ਦੇ ਹਾਣੀ ਬਣਾਉਣ ਵਾਸਤੇ ਉਨ੍ਹਾਂ ਦੀ ਕੰਪੀਟੈਂਸੀ ਵਿੱਚ ਸੁਧਾਰ ਲਿਆਉਣ ਲਈ ਕੰਪੀਟੈਂਸੀ ਇਨਹਾਂਸਮੈਂਟ ਪ੍ਰੋਗ੍ਰਾਮ ਦੀ ਸ਼ੁਰੂਆਤ ਪੂਰੇ ਪੰਜਾਬ ਵਿੱਚ ਕੀਤੀ ਜਾ ਚੁੱਕੀ ਹੈ, ਜਿਸ ਤਹਿਤ ਅੱਜ ਪੂਰੇ ਜ਼ਿਲ੍ਹੇ ਦੇ 434 ਸਕੂਲਾਂ ਵਿੱਚ ਸੀ. ਈ. ਪੀ. ਟੈਸਟ-02 ਕੰਡਕਟ ਕਰਵਾਇਆ ਗਿਆ ।ਇਸ ਕੜੀ ਤਹਿਤ ਉੱਪ ਜਿਲਾ ਸਿੱਖਿਆ ਅਫਸਰ (ਸ਼ੈ:ਸਿ) ਗੁਰਦਾਸਪੁਰ ਲਖਵਿੰਦਰ ਸਿੰਘ ਅਤੇ ਜ਼ਿਲਾ ਰਿਸੋਰਸ ਕੋਆਰਡੀਨੇਟਰ ਅਮਰਜੀਤ ਸਿੰਘ ਪੁਰੇਵਾਲ ਵੱਲੋਂ ਜ਼ਿਲੇ ਦੇ ਵੱਖ-ਵੱਖ ਸਕੂਲਾਂ ਦੀ ਵਿਜਟ ਕੀਤੀ ਗਈ ਜਿਸ ਵਿੱਚ ਸਸਸਸ ਗੁਰਦਾਸਪੁਰ (ਲੜਕੀਆਂ), ਸਕੂਲ ਆਫ ਐਮੀਨੈਂਸ ਗੁਰਦਾਸਪੁਰ ਅਤੇ ਸਮਿਸ ਪਾਹੜਾ ਆਦਿ ਮੁੱਖ ਸਨ ।ਉੱਪ ਜ਼ਿਲਾ ਸਿੱਖਿਆ ਅਫਸਰ ਨੇ ਦੱਸਿਆ ਕਿ ਇਹ ਟੈਸਟ ਪੂਰੇ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜਦੇ ਵਿਦਿਆਰਥੀਆਂ ਲਈ ਹੀ ਕੰਡਕਟ ਕਰਵਾਏ ਜਾ ਰਹੇ ਹਨ ।ਉਨ੍ਹਾਂ ਦੱਸਿਆ ਕਿ ਟੈਸਟ ਬਹੁਤ ਹੀ

ਸੁਚੱਜੇ ਢੰਗ ਨਾਲ ਕਰਵਾਏ ਜਾ ਰਹੇ ਹਨ ।ਜ਼ਿਲਾ ਕੋਆਰਡੀਨੇਟਰ ਪੁਰੇਵਾਲ ਨੇ ਦੱਸਿਆ ਕਿ ਇਸ ਟੈਸਟ ਵਾਸਤੇ ਜ਼ਿਲੇ ਦੇ 19 ਬੀ. ਐੱਨ. ਓਜ਼ ਅਤੇ 25 ਬੀ. ਆਰ. ਸੀਜ਼ ਨੂੰ ਮੌਨੀਟਰਿੰਗ ਵਾਸਤੇ ਨਿਯੁਕਤ ਕੀਤਾ ਗਿਆ ਸੀ ।ਉਨ੍ਹਾਂ ਸਮੂਹ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਵਿਦਿਆਰਥੀਆਂ ਦੇ ਟੈਸਟ ਬਿਲਕੁਲ ਪਾਰਦਰਸ਼ੀ ਤਰੀਕੇ ਨਾਲ ਲਏ ਜਾਣ ।ਇਸ ਮੌਕੇ ਪ੍ਰਿੰ. ਅਨਿਲ ਭੱਲਾ ਅਤੇ ਪੰਕਜ ਵਰਮਾ ਬੀਆਰਸੀ ਆਦਿ ਵੀ ਹਾਜ਼ਰ ਸਨ ।

ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਸਰਕਾਰ ਦੇ ਅੜੀਅਲ ਵਤੀਰੇ ਦੀ ਨਿਖੇਧੀ

ਗੁਰਦਾਸਪੁਰ, 30 ਅਗਸਤ (ਜਨਕ ਮਹਾਜਨ)-ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੀ ਮੀਟਿੰਗ ਫਰੰਟ ਦੇ ਕਨਵੀਨਰ ਸੁਖਦੇਵ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸਾਰੀਆਂ ਧਿਰਾਂ ਦੇ ਕਨਵੀਨਰ ਸ਼ਾਮਿਲ ਹੋਏ।ਮੀਟਿੰਗ ਸ਼ਾਮਿਲ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਵਾਰ-ਵਾਰ ਮੀਟਿੰਗਾਂ ਰੱਦ ਕਰਨ ਦੇ ਵਤੀਰੇ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਇਸ ਦੀ ਨਿਖੇਧੀ ਕਰਦਿਆਂ ਪੰਜਾਬ ਸਰਕਾਰ ਦੀਆਂ ਅਰਥੀਆਂ ਤੇ ਲਾਰਿਆਂ ਦੀਆਂ ਪੰਡਾਂ 22 ਤੋਂ 24 ਅਗਸਤ ਤਕ ਫੂਕੀਆਂ ਗਈਆਂ। ਉਨ੍ਹਾਂ ਕਿਹਾ ਸਾਂਝੇ ਫਰੰਟ ਨੂੰ ਹੁਣ ਜੋ 12 ਸਤੰਬਰ ਨੂੰ ਕੈਬਨਿਟ ਸਬ ਮੀਟਿੰਗ ਨਾਲ ਮੀਟਿੰਗ ਕਰਨ ਲਈ ਕਿਹਾ ਗਿਆ ਹੈ ਇਸ ਦਾ ਮੁਕੰਮਲ ਬਾਈਕਾਟ ਕੀਤਾ ਜਾਵੇਗਾ ਅਤੇ ਮੁੱਖ ਮੰਤਰੀ ਤੋਂ ਬੱਲੋ ਕਿਸ ਨਾਲ ਵੀ ਮੀਟਿੰਗ ਨਹੀਂ ਕੀਤੀ ਜਾਵੇਗੀ। ਸਾਂਝਾ ਫਰੰਟ ਤੋਂ ਬਾਹਰ ਰਹਿੰਦੀਆਂ ਧਿਰਾਂ ਮਨਿਸਟਰੀਅਲ, ਸਰਵਿਸਿਸ ਯੂਨੀਅਨ, ਡੀਸੀ ਦਫਤਰ, ਕਰਮਚਾਰੀ ਯੂਨੀਅਨ, ਸਕੱਤਰ ਸਟਾਫ ਯੂਨੀਅਨ, ਰੈਵੇਨਿਊ ਪਟਵਾਰ, ਕਾਨੂੰਗੋ ਯੂਨੀਅਨ ਅਤੇ ਬਿਜਲੀ ਬੋਰਡ ਯੂਨੀਅਨ ਨੂੰ ਸ਼ਾਮਿਲ ਕਰਕੇ ਵਿਧਾਨ ਸਭਾ ਦੇ ਚੱਲਣ ਵਾਲੇ ਸੈਸ਼ਨ ਦੌਰਾਨ 3 ਸਤੰਬਰ ਨੂੰ ਚੰਡੀਗੜ੍ਹ ਮੁਹਾਲੀ ਅਨਾਜ ਮੰਡੀ ਸੈਕਟਰੀ 39 ਵਿਖੇ ਰੈਲੀ ਕਰਨ ਉਪਰੰਤ ਵਿਧਾਨ ਸਭਾ ਵੱਲ ਮਾਰਚ ਕੀਤਾ ਜਾਵੇਗਾ। ਇਸ ਵਿੱਚ ਸਾਰੀਆਂ ਧਿਰਾਂ ਪਹਿਲਾਂ ਹੁੰਦੇ ਸੂਬਾ ਪੱਧਰੀ ਐਕਸ਼ਨਾਂ ਵਿੱਚ ਲੱਗੇ ਕੋਟੇ ਮੁਤਾਬਕ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਨਾਲ ਲੈ ਕੇ ਆਉਣਗੀਆਂ। ਗੌਰਮੈਂਟ ਪੈਨਸ਼ਨਰ ਯੂਨੀਅਨ ਪੰਜਾਬ ਦੇ ਸਾਬਕਾ ਸਕੱਤਰ ਕਾਮਰੇਡ ਅਮਰਜੀਤ ਸਿੰਘ ਸੈਣੀ ਅਤੇ ਰਘਬੀਰ ਸਿੰਘ ਚਾਹਲ ਨੇ ਕਰਦਿਆਂ ਕਿਹਾ ਕਿ ਪੈਨਸ਼ਨਾਂ ਨੂੰ 2.59 ਗੁਨਾਕ ਦੇਣ, ਪੇਅ ਵਿਜ਼ਨ ਦਾ ਬਕਾਇਆ ਦੇਣ, ਡੀਏ ਦਾ ਬਕਾਇਆ ਦੇਣ, ਮੈਡੀਕਲ ਭੱਤਾ 2000 ਦੇਣ ਅਤੇ ਡੀਏ ਦੀਆਂ ਰਹਿੰਦੀਆਂ ਤਿੰਨ ਕਿਸ਼ਤਾਂ ਦੇਣ ਆਦਿ ਅਤੇ 30 ਮਹੀਨਿਆਂ ਤੋਂ ਹੱਕੀ ਮੰਗਾਂ ਨੂੰ ਲਮਕਾਇਆ ਜਾ ਰਿਹਾ ਹੈ। ਇਹ ਜਥੇਬੰਦੀ ਇਸ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਦੀ ਕਰਦੀ ਹੈ ਅਤੇ ਚੇਤਾਵਨੀ ਦਿੰਦੀ ਹੈ ਕਿ ਅਗਲੀਆਂ ਆ ਰਹੀਆਂ ਚੋਣਾਂ ਵਿੱਚ ਪੰਜਾਬ ਸਰਕਾਰ ਇਸ ਦਾ ਖਮਿਆਜ਼ਾ ਭੁਗਤਨ ਲਈ ਤਿਆਰ ਰਹੇ ਕਿਉਂਕਿ ਹੁਣ ਤੱਕ ਪੰਜਾਬ ਸਰਕਾਰ ਨੇ ਲਾਰਿਆਂ ਤੋਂ ਸਿਵਾਏ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ 3 ਸਤੰਬਰ ਨੂੰ ਚੰਡੀਗੜ੍ਹ ਵਿਖੇ ਹੋ ਰਹੀ ਰੋਸ ਰੈਲੀ ਦੇ ਮਾਰਚ ਵਿੱਚ ਗੁਰਦਾਸਪੁਰ ਤੋਂ ਦੋ ਬੱਸਾਂ ਜਾਣਗੀਆਂ। ਇਸ ਮੌਕੇ ਉਨ੍ਹਾਂ ਨਾਲ ਜਸਪਾਲ ਸੋਹਲ, ਭੁਪਿੰਦਰ ਸਿੰਘ, ਡਾਕਟਰ ਰਾਜ ਕੁਮਾਰ ਅਤਰੀ, ਕੁਲਵਿੰਦਰ ਸਿੰਘ, ਲਖਵਿੰਦਰ ਸਿੰਘ, ਦਰਸ਼ਨ ਸਿੰਘ, ਵਿਜੇ ਕੁਮਾਰ, ਓਮ ਪ੍ਰਕਾਸ਼, ਮਨਜੀਤ ਸਿੰਘ, ਬਲਬੀਰ ਸਿੰਘ ਅਤੇ ਮੈਨੂਅਲ ਨਾਹਰ ਆਦ

31-Aug-PAGE-4.qxd 8/30/2024 10:34 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 31 ਅਗਸਤ 2024

ਵਿਦਿਆਰਥੀ ਖ਼ੁਦਕੁਸ਼ੀਆਂ ਗੰਭੀਰ ਮਾਮਲਾ

ਮਹਿੰਗਾਈ ਤੇ ਬੇਰੁਜ਼ਗਾਰੀ ਦੀ ਮਾਰ ਹੇਠ ਆਏ ਮੱਧਵਰਗੀ ਤੇ ਨਿਮਨ ਮੱਧਵਰਗੀ ਸਾਰੀ ਉਮਰ ਬੇਹਤਰ ਜ਼ਿੰਦਗੀ ਲਈ ਜੂਝਦੇ ਰਹਿੰਦੇ ਹਨ। ਲਗਾਤਾਰ ਜਿਸਮ ਤੋੜ ਮਿਹਨਤ ਕਰਨ ਦੇ ਬਾਵਜੂਦ ਜਦੋਂ ਉਮੀਦਾਂ ਦੇ ਸੁਫ਼ਨੇ ਚਕਨਾਚੂਰ ਹੁੰਦੇ ਰਹਿੰਦੇ ਹਨ ਤਾਂ ਇਹ ਹੱਡ ਮਾਸ ਦੇ ਪੁਤਲੇ ਜ਼ਿੰਦਗੀ ਤੋਂ ਅਵਾਜ਼ਾਰ ਹੋ ਜਾਂਦੇ ਹਨ। ਅਜਿਹੇ ਨਿਰਾਸ਼ਤਾ ਦੇ ਆਲਮ ਵਿੱਚ ਉਹ ਖ਼ੁਦਕੁਸ਼ੀ ਵਰਗਾ ਕਦਮ ਚੁੱਕਣ ਲਈ ਮਜਬੂਰ ਹੋ ਜਾਂਦੇ ਹਨ। ਇਸ ਮਨੋਦਸ਼ਾ ਦਾ ਸ਼ਿਕਾਰ ਅੱਜ ਹਰ ਉਮਰ ਦੇ ਲੋਕ ਹਨ। ਸਭ ਤੋਂ ਖ਼ਤਰਨਾਕ ਪਹਿਲੂ ਇਹ ਹੈ ਕਿ ਸਾਡਾ ਭਵਿੱਖ ਸਾਡੀ ਅਗਲੀ ਪੀੜ੍ਹੀ ਵਿੱਚ ਖ਼ੁਦਕੁਸ਼ੀ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ।

ਹੁਣੇ-ਹੁਣੇ ਇੱਕ ਰਿਪੋਰਟ ਆਈ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਸਾਡੇ ਦੇਸ਼ ਅੰਦਰ ਵਿਦਿਆਰਥੀਆਂ ਵਿੱਚ ਖ਼ੁਦਕੁਸ਼ੀਆਂ ਦਾ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ। ਇਹ ਰਿਪੋਰਟ ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਦੇ ਅਧਾਰ ਉੱਤੇ ਤਿਆਰ ਕੀਤੀ ਗਈ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਭਾਰਤ ਵਿੱਚ ਖ਼ੁਦਕੁਸ਼ੀਆਂ ਦੀ ਦਰ ਵਿੱਚ ਸਾਲਾਨਾ 2 .ਫ਼ੀਸਦੀ ਵਾਧਾ ਹੋ ਰਿਹਾ ਹੈ, ਜਦੋਂ ਕਿ ਵਿਦਿਆਰਥੀਆਂ ਵਿੱਚ ਇਹ 4 .ਫ਼ੀਸਦੀ ਦੀ ਨਾਲ ਵਧੀ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਹ ਅੰਕੜੇ ਵੱਧ ਹੋ ਸਕਦੇ ਹਨ, ਕਿਉਂਕਿ ਸਾਰੇ ਮਾਮਲੇ ਦਰਜ ਨਹੀਂ ਹੁੰਦੇ।

ਪੀ ਟੀ ਆਈ ਦੇ ਅਨੁਸਾਰ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਦੋ ਦਹਾਕਿਆਂ ਵਿੱਚ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਦੀ ਸਾਲਾਨਾ ਦਰ ਵਿੱਚ ਭਾਰੀ ਵਾਧਾ ਹੋਇਆ ਹੈ ਤੇ ਇਹ ਕੌਮੀ ਦਰ ਨਾਲੋਂ ਦੁੱਗਣੀ ਹੋ ਗਈ ਹੈ। 2022 ਵਿੱਚ ਖ਼ੁਦਕੁਸ਼ੀਆਂ ਕਰਨ ਵਾਲੇ ਕੁੱਲ ਵਿਦਿਆਰਥੀਆਂ ਵਿੱਚ 53 ਪ੍ਰਤੀਸ਼ਤ ਲੜਕੇ ਸਨ। ਇਹ ਰਿਪੋਰਟ 'ਵਿਦਿਆਰਥੀ ਖ਼ੁਦਕੁਸ਼ੀਆਂ ਭਾਰਤ ਵਿੱਚ ਫੈਲ ਰਹੀ ਮਹਾਂਮਾਰੀ' ਦੇ ਸਿਰਲੇਖ ਹੇਠ ਤਿਆਰ ਕੀਤੀ ਗਈ ਹੈ। ਇਹ ਰਿਪੋਰਟ ਸਾਲਾਨਾ ਆਈ ਸੀ-3 ਸੰਮੇਲਨ ਤੇ ਐਕਸਪੋ-2024 ਦੌਰਾਨ ਜਾਰੀ ਕੀਤੀ ਗਈ ਸੀ।

ਆਈ ਸੀ-3 ਇੱਕ ਸਵੈਸੇਵੀ ਸੰਸਥਾ ਹੈ, ਜੋ ਦੁਨੀਆ ਭਰ ਦੀਆਂ ਉੱਚ ਸਿੱਖਿਆ ਸੰਸਥਾਵਾਂ ਦਾ ਮਾਰਗ ਦਰਸ਼ਨ ਕਰਦੀ ਹੈ ਤੇ ਟ੍ਰੇਨਿੰਗ ਦੇ ਸਾਧਨ ਮੁਹੱਈਆ ਕਰਵਾਉਂਦੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਿਦਿਆਰਥੀਆਂ ਦੀ ਖ਼ੁਦਕੁਸ਼ੀ ਦਰ ਆਬਾਦੀ ਦੀ ਵਾਧਾ ਦਰ ਨਾਲੋਂ ਵੀ ਅੱਗੇ ਨਿਕਲ ਚੁੱਕੀ ਹੈ। ਇੰਡੀਆ ਟੂਡੇ ਦੀ ਰਿਪੋਰਟ ਅਨੁਸਾਰ ਪਿਛਲੇ ਦਹਾਕੇ ਵਿੱਚ 24 ਸਾਲ ਤੱਕ ਦੇ ਵਿਅਕਤੀਆਂ ਦੀ ਜਨਸੰਖਿਆ 58 ਕਰੋੜ 20 ਲੱਖ ਸੀ, ਜੋ ਘਟ ਕੇ 58 ਕਰੋੜ 10 ਲੱਖ ਹੋ ਗਈ ਹੈ। ਇਸ ਅਰਸੇ ਦੌਰਾਨ ਵਿਦਿਆਰਥੀ ਖ਼ੁਦਕੁਸ਼ੀਆਂ 6654 ਤੋਂ ਵਧ ਕੇ 13044 ਹੋ ਗਈਆਂ ਹਨ।

ਯੂਨੀਸੈਫ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ 15 ਤੋਂ 24 ਸਾਲ ਉਮਰ ਵਾਲੇ 9 ਵਿੱਚੋਂ 1 ਵਿਅਕਤੀ ਮਾਨਸਿਕ ਸਿਹਤ ਸਮੱਸਿਆ ਨਾਲ ਜੂਝ ਰਿਹਾ ਹੈ, ਜਿਨ੍ਹਾਂ ਵਿੱਚ ਉਦਾਸੀ ਤੇ ਨਿਰਾਸ਼ਤਾ ਦੇ ਲੱਛਣ ਸ਼ਾਮਲ ਹਨ। ਇਨ੍ਹਾਂ ਵਿੱਚੋਂ ਸਿਰਫ਼ 41 .ਫ਼ੀਸਦੀ ਲੋਕਾਂ ਨੇ ਹੀ ਮਾਨਸਿਕ ਸਮੱਸਿਆਵਾਂ ਤੋਂ ਨਿਜਾਤ ਪਾਉਣ ਲਈ ਬਾਹਰੀ ਸਹਾਇਤਾ ਲੈਣ ਦੀ ਲੋੜ ਮਹਿਸੂਸ ਕੀਤੀ ਹੈ।

ਪਿਛਲੇ ਸਾਲ ਆਈ ਸੀ-3 ਸੰਸਥਾਨ ਨੇ ਵਿਦਿਆਰਥੀ ਖ਼ੁਦਕੁਸ਼ੀਆਂ ਬਾਰੇ ਜਿਹੜੀ ਸਾਲਾਨਾ ਰਿਪੋਰਟ ਪੇਸ਼ ਕੀਤੀ ਸੀ, ਉਸ ਵਿੱਚ ਦੱਸਿਆ ਗਿਆ ਸੀ ਕਿ ਭਾਰਤ ਵਿੱਚ ਹਰ ਸਾਲ 13 ਹਜ਼ਾਰ ਤੋਂ ਵੱਧ ਵਿਦਿਆਰਥੀ ਖ਼ੁਦਕੁਸ਼ੀਆਂ ਕਰ ਜਾਂਦੇ ਹਨ। ਮਹਾਰਾਸ਼ਟਰ, ਤਾਮਿਲਨਾਡੂ ਤੇ ਮੱਧ ਪ੍ਰਦੇਸ਼ ਸਭ ਤੋਂ ਵੱਧ ਵਿਦਿਆਰਥੀ ਖ਼ੁਦਕੁਸ਼ੀਆਂ ਵਾਲੇ ਰਾਜ ਹਨ। ਦੇਸ਼ ਵਿੱਚ ਹੁੰਦੀਆਂ ਕੁੱਲ ਖ਼ੁਦਕੁਸ਼ੀਆਂ ਵਿੱਚ ਤੀਜਾ ਹਿੱਸਾ ਇਨ੍ਹਾਂ ਤਿੰਨ ਰਾਜਾਂ ਦਾ ਹੈ।

ਪੂੰਜੀਵਾਦ ਦੀ ਸਾਂਝੇ ਪਰਵਾਰ ਤੋਂ ਪਰਵਾਰ ਰਹਿਤ ਸਮਾਜ ਵੱਲ ਆਖਰੀ ਪੁਲਾਂਘ

ਪਵਨ ਕੁਮਾਰ ਕੌਸ਼ਲ

ਦੇਸ਼ ਅੰਦਰ ਦੋ ਜਮਾਤਾਂ ਇੱਕ ਸ਼ੋਸ਼ਣਕਾਰੀ ਅਤੇ ਦੂਜੀ ਸ਼ੋਸ਼ਿਤ, ਭਾਵ ਇਕ ਲੁੱਟਣ ਵਾਲੀ ਅਤੇ ਦੂਜੀ ਲੁੱਟੀ ਜਾਣ ਵਾਲੀ। ਵਿਸ਼ਵ ਭਰ'ਚ ਪੂੰਜੀਵਾਦੀ ਵਿਵਸਥਾ ਦਾ ਦੌਰ ਚੱਲ ਰਿਹਾ। ਭਾਰਤ ਵੀ ਉਸ ਤੋਂ ਬਾਹਰ ਨਹੀਂ, ਸਗੋਂ ਤੇਜ਼ੀ ਨਾਲ ਇਸ ਪਾਸੇ ਵੱਲ ਵਧ ਰਿਹਾ ਹੈ। ਭਾਰਤ ਦੀ ਪੂੰਜੀਵਾਦੀ ਆਰਥਕ ਵਿਵਸਥਾ ਅਧੀਨ ਸਰਕਾਰ ਦੇਸ਼ ਦੇ ਲਾਭਕਾਰੀ ਅਤੇ ਕੁੰਜੀਵਤ ਜਨਤਕ ਅਦਾਰੇ ਦੇਸ਼ ਦੇ ਇਜਾਰੇਦਾਰ ਘਰਾਣਿਆ ਨੂੰ ਕੌਡੀਆਂ ਦੇ ਭਾਅ ਵੇਚੇ ਜਾ ਰਹੇ ਹਨ ਅਤੇ ਵਿਦੇਸ਼ੀ ਬਹੁ-ਕੌਮੀ ਕਾਰਪੋਰੇਸ਼ਨਾਂ ਦੀ ਦੇਸ਼ ਅੰਦਰ ਘੁਸਪੈਠ ਕਰਵਾਈ ਜਾ ਰਹੀ ਹੈ। ਇਸੇ ਕਾਰਨ ਸਾਡੇ ਸਾਂਝੇ ਪਰਵਾਰ ਅਤੇ ਇਕਹਿਰੇ ਪਰਵਾਰ ਵੀ ਟੁੱਟਦੇ ਜਾ ਰਹੇ ਹਨ। ਕਿਸੇ ਸਮਾਜ ਦੀ ਸਮਾਜਕ-ਆਰਥਕ ਵਿਵਸਥਾ ਅਨੁਸਾਰ ਪਰਵਾਰ ਦੀ ਹੋਂਦ ਵੀ ਬਦਲਦੀ ਰਹਿੰਦੀ ਹੈ। ਉਹ ਸਮਾਜ ਜਿਸ ਦੀ ਦੌਲਤ ਜਿਸ ਵਿੱਚ ਉਤਪਾਦਨ ਦਾ ਇੱਕ ਪੂੰਜੀਵਾਦੀ ਢੰਗ ਪ੍ਰਚਲਿਤ ਹੁੰਦਾ ਹੈ, ਇੱਕ ਵੱਡੇ ਵਸਤੂਆਂ ਦੇ ਸੰਗ੍ਰਹਿ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ ਅਤੇ ਇੱਕ ਚਲਣ ਵਸਤੂ ਦੌਲਤ ਦੇ ਮੁੱਢਲੇ ਰੂਪ ਵਜੋਂ ਪ੍ਰਗਟ ਹੁੰਦੀ ਹੈ। ਮਜ਼ਦੂਰੀ ਉਹ ਪ੍ਰਕਿਰਿਆ ਹੈ, ਜਿਸ ਦੁਆਰਾ ਮਜ਼ਦੂਰ ਆਪਣੀ ਕਿਰਤ ਸ਼ਕਤੀ ਪੂੰਜੀਪਤੀਆਂ ਨੂੰ, ਭਾਵ ਆਪਣੇ ਮਾਲਕਾਂ ਨੂੰ ਉਜਰਤਾਂ ਦੇ ਬਦਲੇ ਵੇਚਦੇ ਹਨ, ਜਿਸ ਦੀ ਵਰਤੋਂ ਉਹ ਬਾਜ਼ਾਰ ਵਿੱਚ ਜੀਵਨ ਦੀਆਂ ਲੋੜਾਂ ਦੀਆਂ ਚੀਜ਼ਾਂ ਖਰੀਦਣ ਲਈ ਕਰਦੇ ਹਨ, ਦਾ ਪ੍ਰਭਾਵ ਪਰਵਾਰ ਦੀ ਹੋਂਦ ਉਪਰ ਪੈਂਦਾ ਹੈ। ਮਾਰਕਸਵਾਦ ਅਨੁਸਾਰ ਬੁਰਜੂਆਜ਼ੀ ਵਿੱਚ ਪਰਵਾਰ ਸਿਰਫ਼ ਪੈਸੇ ਦਾ ਰਿਸ਼ਤਾ ਬਣ ਕੇ ਰਹਿ ਜਾਂਦਾ। ਸਮਾਜਵਾਦੀ ਆਰਥਿਕਤਾ ਵਿੱਚ ਉਜਰਤਾਂ ਸਮਾਜਿਕ ਉਤਪਾਦ ਦੇ ਉਸ ਹਿੱਸੇ ਵਿੱਚ ਮਜ਼ਦੂਰ ਦੇ ਹਿੱਸੇ ਦਾ ਮੁਦਰਾ ਪ੍ਰਗਟਾਵੇ ਹਨ, ਜੋ ਰਾਜ ਦੁਆਰਾ ਮਜ਼ਦੂਰਾਂ ਨੂੰ ਹੱਥਾਂ ਜਾਂ ਦਿਮਾਗ ਦੁਆਰਾ ਹਰੇਕ ਮਜ਼ਦੂਰ ਦੀ ਕਿਰਤ ਦੀ ਮਾਤਰਾ ਅਤੇ ਗੁਣਵੱਤਾ ਦੇ ਅਨੁਸਾਰ ਅਦਾ ਕੀਤਾ ਜਾਂਦਾ ਹੈ। ਪਰਵਾਰ, ਵਿਆਹ, ਖ਼ੂਨ ਦੇ ਸਬੰਧਾਂ ਦੁਆਰਾ ਇੱਕਜੁੱਟ ਹੋਏ ਵਿਅਕਤੀਆਂ ਦਾ ਸਮੂਹ, ਇੱਕ ਸਿੰਗਲ ਪਰਵਾਰ ਦਾ ਗਠਨ ਕਰਦੇ ਹਨ। ਆਮ ਤੌਰ 'ਤੇ ਪਤੀ-ਪਤਨੀ, ਮਾਤਾ-ਪਿਤਾ, ਬੱਚਿਆਂ ਅਤੇ ਭੈਣ-ਭਰਾ ਦੇ। ਇਹ ਸਮਾਜਿਕ ਵਿਵਸਥਾ ਦਾ ਆਧਾਰ ਬਣਦਾ ਹੈ।

ਇੱਕ ਸਮਾਂ ਸੀ, ਜਦੋਂ ਰਿਸ਼ਤੇਦਾਰੀ ਪਰਵਾਰ ਨੂੰ ਆਦਰਸ਼ ਮੰਨਿਆ ਜਾਂਦਾ ਸੀ। ਮਾਂ ਇੱਕ ਪਰਵਾਰ ਦੀ ਅਗਵਾਈ ਕਰਦੀ ਸੀ, ਜਿਸ ਵਿੱਚ ਉਸ ਦੇ ਬੱਚੇ, ਪੋਤੇ-ਪੋਤੀਆਂ ਅਤੇ ਪੜਪੋਤੇ-ਪੋਤੀਆਂ, ਜੋ ਇਕੱਠੇ ਰਹਿੰਦੇ ਅਤੇ ਕੰਮ ਕਰਦੇ ਸਨ। ਇੱਕ ਖੋਜ ਅਨੁਸਾਰ ਸਾਂਝੇ ਪਰਵਾਰ ਦੇ ਬੱਚਿਆਂ ਦੀ ਮਾਨਸਿਕ ਸਿਹਤ ਨਿਊਕਲੀਅਰ/ਇੱਕਹਰੇ ਪਰਵਾਰ ਦੇ ਬੱਚਿਆਂ ਦੇ ਮੁਕਾਬਲੇ ਬਿਹਤਰ ਹੁੰਦੀ ਹੈ। ਨਾਲ ਹੀ, ਉੱਚ ਪਰਿਵਾਰਕ ਰੁਝੇਵਿਆਂ ਵਾਲੇ ਬੱਚਿਆਂ ਵਿੱਚ ਘੱਟ ਮਨੋਵਿਗਿਆਨਕ ਸ਼ਿਕਾਇਤਾਂ ਅਤੇ ਵਧੇਰੇ ਜੀਵਨ ਸੰਤੁਸ਼ਟੀ ਹੁੰਦੀ ਹੈ। ਪਿਛਲੀ ਸਦੀ ਵਿੱਚ ਪਿਤਾ-ਪੁਰਖੀ ਪਰਵਾਰ ਦਾ ਰਾਜ ਸੀ, ਜੋ ਲੱਗਭੱਗ ਹੁਣ ਵੀ ਪਰਚਲਿਤ ਹੈ। ਇਸ ਕੇਸ ਵਿੱਚ ਇਹ ਉਹ ਪਿਤਾ, ਜਿਸ ਦੀ ਇੱਛਾ ਪਰਵਾਰ ਦੇ ਬਾਕੀ ਮੈਂਬਰਾਂ ਲਈ ਕਾਨੂੰਨ ਸੀ। ਅੱਜ ਵੀ ਅਜਿਹੇ ਪਰਵਾਰ ਪਿੰਡਾਂ ਵਿੱਚ ਕਿਸਾਨੀ ਵਿੱਚ ਪਾਏ ਜਾ ਸਕਦੇ ਹਨ। ਇੱਥੇ ਪਰਵਾਰਕ ਜੀਵਨ ਦੀਆਂ ਨੈਤਿਕਤਾ ਅਤੇ ਰੀਤੀ-ਰਿਵਾਜ ਸ਼ਹਿਰੀ ਪ੍ਰੋਲੇਤਾਰੀ ਤੋਂ ਵੱਖਰੇ ਹੁੰਦੇ ਹਨ। ਪੇਂਡੂ ਖੇਤਰਾਂ ਵਿੱਚ ਉਹ ਕਦਰਾਂ-ਕੀਮਤਾਂ ਦੀ ਪਾਲਣਾ ਕਰਦੇ ਹਨ, ਜਿਨ੍ਹਾਂ ਨੂੰ ਲੰਮੇ ਸਮੇਂ ਤੋਂ ਭੁੱਲ ਗਏ ਹਨ। ਪਰਵਾਰ ਦੀ ਬਣਤਰ ਅਤੇ ਪਰਵਾਰਕ ਜੀਵਨ ਦੇ ਰੀਤੀ-ਰਿਵਾਜ ਵੀ ਦੇਸ਼ ਤੇ ਕੌਮ ਵਿਚ ਵੱਖੋ-ਵੱਖਰੇ ਹੁੰਦੇ ਹਨ। ਕੁਝ ਲੋਕਾਂ ਵਿੱਚ ਜਿਵੇਂ ਕਿ ਤੁਰਕ, ਅਰਬ ਅਤੇ ਫਾਰਸੀ, ਇੱਕ ਆਦਮੀ ਨੂੰ ਕਈ ਪਤਨੀਆਂ ਰੱਖਣ ਦੀ ਇਜਾਜ਼ਤ ਹੈ। ਅਜਿਹੇ ਕਬੀਲੇ ਸਨ, ਜਿਥੇ ਪਤਨੀ ਦੇ ਕਈ ਪਤੀ ਹੋ ਸਕਦੇ ਸਨ। ਯੂਰਪ ਵਿੱਚ ਅਤੇ ਫਿਰ ਵਿਸ਼ਵ ਭਰ ਵਿੱਚ ਸਨਅਤੀ ਇਨਕਲਾਬ ਆਉਣ ਅਤੇ ਸ਼ਹਿਰੀਕਰਨ ਹੋਣ ਨਾਲ ਜ਼ਿਆਦਾ ਤੋਂ ਜ਼ਿਆਦਾ ਔਰਤਾਂ ਕੰਮ ਕਰਨ ਲਈ ਬਾਹਰ ਜਾਣ ਕਾਰਨ ਪਰਵਾਰ ਟੁੱਟਦਾ ਜਾ ਰਿਹਾ ਹੈ। ਪਰਵਾਰਕ ਜੀਵਨ ਦੀ ਗੱਲ ਕਿਵੇਂ ਕੀਤੀ ਜਾ ਸਕਦੀ ਹੈ, ਜਦੋਂ ਮਰਦ ਅਤੇ ਔਰਤ ਵੱਖੋ-ਵੱਖਰੀਆਂ ਸ਼ਿਫਟਾਂ ਵਿੱਚ ਕੰਮ ਕਰਦੇ ਹਨ ਅਤੇ ਜਿੱਥੇ ਪਤਨੀ ਕੋਲ ਆਪਣੀ ਔਲਾਦ ਲਈ ਵਧੀਆ ਖਾਣਾ ਤਿਆਰ ਕਰਨ ਦਾ ਸਮਾਂ ਵੀ ਨਹੀਂ ਹੁੰਦਾ? ਜਦੋਂ ਮਾਤਾ-ਪਿਤਾ ਸਾਰਾ ਦਿਨ ਬਾਹਰ ਕੰਮ ਕਰਦੇ ਹਨ ਅਤੇ ਆਪਣੇ ਬੱਚਿਆਂ ਨਾਲ ਕੁਝ ਮਿੰਟ ਬਿਤਾਉਣ ਲਈ ਸਮਾਂ ਨਹੀਂ ਲੱਭ ਸਕਦੇ ਤਾਂ ਕੋਈ ਮਾਪਿਆਂ ਦੀ ਗੱਲ ਕਿਵੇਂ ਕਰ ਸਕਦਾ ਹੈ? ਪੁਰਾਣੇ ਸਮੇਂ ਵਿਚ ਇਹ ਬਿਲਕੁਲ ਵੱਖਰਾ ਸੀ। ਜਦੋਂ ਮਾਂ ਘਰ ਵਿੱਚ ਹੀ ਰਹੀ ਅਤੇ ਆਪਣੇ ਘਰ ਦੇ ਫਰਜ਼ਾਂ ਵਿੱਚ ਰੁਝੀ ਰਹੀ। ਉਸ ਦੇ ਬੱਚੇ ਉਸ ਦੇ ਨਾਲ ਸਨ, ਉਸ ਦੀ ਜਾਗਦੀ ਨਜ਼ਰ ਹੇਠ। ਅੱਜ ਕੱਲ੍ਹ ਕੰਮਕਾਜੀ ਔਰਤ ਸਵੇਰੇ-ਸਵੇਰੇ ਘਰੋਂ ਬਾਹਰ ਨਿਕਲਦੀ ਹੈ, ਜਦੋਂ ਫੈਕਟਰੀ ਦੀ ਸੀਟੀ ਵੱਜਦੀ ਹੈ। ਜਦੋਂ ਸ਼ਾਮ ਹੁੰਦੀ ਹੈ ਅਤੇ ਦੁਬਾਰਾ ਸੀਟੀ ਵੱਜਦੀ ਹੈ, ਤਾਂ ਉਹ ਆਪਣੇ ਘਰੇਲੂ ਕੰਮਾਂ ਦੇ ਸਭ ਤੋਂ ਵੱਧ ਦਬਾਅ ਨੂੰ ਪੂਰਾ ਕਰਨ ਲਈ ਘਰ ਨੂੰ ਭੱਜਦੀ ਹੈ। ਫਿਰ ਅਗਲੀ ਸਵੇਰ ਨੂੰ ਦੁਬਾਰਾ ਕੰਮ ਕਰਨ ਲਈ ਭੱਜੀ ਜਾਂਦੀ ਹੈ ਅਤੇ ਉਹ ਨੀਂਦ ਦੀ ਘਾਟ ਕਾਰਨ ਥੱਕ ਗਈ ਹੁੰਦੀ ਹੈ। ਵਿਆਹੁਤਾ ਕੰਮ ਕਰਨ ਵਾਲੀ ਔਰਤ ਲਈ ਜ਼ਿੰਦਗੀ ਵਰਕਹਾਊਸ ਵਰਗੀ ਹੈ। ਇਸ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਪਰਵਾਰਕ ਸੰਬੰਧ ਢਿੱਲੇ ਪੈ ਜਾਣ ਅਤੇ ਪਰਵਾਰ ਟੁੱਟਣਾ ਸ਼ੁਰੂ ਹੋ ਜਾਵੇ। ਸਮਾਜਿਕ ਢਾਂਚੇ ਵਿੱਚ ਤਬਦੀਲੀ ਨਾਲ ਪਰਵਾਰਕ ਢਾਂਚਾ ਵੀ ਹਮੇਸ਼ਾ ਬਦਲਿਆ ਹੈ, ਜਿਸ ਨਾਲ ਲੋਕਾਂ ਦੇ ਕੁਦਰਤੀ ਵਿਚਾਰ ਵੀ ਬਦਲ ਗਏ ਹਨ। ਉਦਯੋਗਿਕ ਕ੍ਰਾਂਤੀ ਦੇ ਕਾਰਨ ਨਿਊਕਲੀਅਰ/ ਛੋਟੇ ਪਰਿਵਾਰ ਹੋਂਦ ਵਿੱਚ ਆਉਣੇ ਸ਼ੁਰੂ ਹੋ ਗਏ ਹਨ, ਪਰ ਪਿਛਲੇ ਸੌ ਸਾਲਾਂ ਤੋਂ ਇਹ ਪਰੰਪਰਾਗਤ ਪਰਵਾਰਕ ਢਾਂਚਾ ਉਨ੍ਹਾਂ ਸਾਰੇ ਦੇਸ਼ਾਂ ਵਿੱਚ ਟੁੱਟਦਾ ਜਾ ਰਿਹਾ ਹੈ, ਜਿੱਥੇ ਪੂੰਜੀਵਾਦ ਅਧੀਨ ਸਨਅਤੀਕਰਨ ਦਾ ਬੋਲਬਾਲਾ ਹੈ ਅਤੇ ਜਿੱਥੇ ਕਾਰਖਾਨਿਆਂ ਅਤੇ ਹੋਰ ਉਦਯੋਗਾਂ ਦੀ ਗਿਣਤੀ ਵਧ ਰਹੀ ਹੈ, ਜੋ ਕਿ ਮਜ਼ਦੂਰਾਂ ਨੂੰ ਰੁਜ਼ਗਾਰ ਦਿੰਦੇ ਹਨ। ਪਤੀ ਪਹਿਲਾਂ ਇਕੱਲਾ ਰੋਟੀ ਕਮਾਉਣ ਵਾਲਾ ਸੀ, ਹੁਣ ਪਤਨੀ ਵੀ ਕੰਮ 'ਤੇ ਜਾਂਦੀ ਹੈ, ਉਹ ਦਿਹਾੜੀ ਕਮਾਉਂਦੀ ਹੈ। ਉਸ ਨੇ ਆਪਣਾ ਗੁਜ਼ਾਰਾ ਚਲਾਉਣਾ, ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਕਰਨਾ ਸਿੱਖ ਲਿਆ ਹੈ। ਪਰਵਾਰ ਹੁਣ ਸਮਾਜ ਦੀ ਮੁਢਲੀ ਆਰਥਿਕ ਇਕਾਈ ਅਤੇ ਛੋਟੇ ਬੱਚਿਆਂ ਦੇ ਸਹਾਇਕ ਅਤੇ ਸਿੱਖਿਅਕ ਵਜੋਂ ਕੰਮ ਕਰਦਾ ਹੈ। ਪਰਵਾਰਕ ਜੀਵਨ ਦੇ ਰੀਤੀ-ਰਿਵਾਜ ਅਤੇ ਨੈਤਿਕ ਸਿਧਾਂਤ ਜੀਵਨ ਦੀਆਂ ਆਮ ਸਥਿਤੀਆਂ ਦੇ ਬਦਲਣ ਨਾਲ ਬਦਲ ਰਹੇ ਹਨ। ਪੁਰਾਣਾ ਪਰਵਾਰਕ ਢਾਂਚਾ ਹੁਣ ਸਿਰਫ਼ ਇੱਕ ਰੁਕਾਵਟ ਬਣ ਕੇ ਰਹਿ ਗਿਆ ਹੈ। ਪੂੰਜੀਵਾਦ ਨੇ ਇਹ ਸਭ ਕੁਝ ਬਦਲ ਦਿੱਤਾ ਹੈ। ਉਹ ਸਭ ਕੁਝ ਜੋ ਪਹਿਲਾਂ ਪਰਵਾਰ ਦੀ ਬੁੱਕਲ ਵਿੱਚ ਪੈਦਾ ਹੁੰਦਾ ਸੀ, ਹੁਣ ਵਰਕਸ਼ਾਪਾਂ ਅਤੇ ਫੈਕਟਰੀਆਂ ਵਿੱਚ ਵੱਡੇ ਪੱਧਰ 'ਤੇ ਤਿਆਰ ਕੀਤਾ ਜਾ ਰਿਹਾ ਹੈ। ਮਸ਼ੀਨ ਨੇ ਪਤਨੀ ਨੂੰ ਕਾਫੀ ਹੱਦ ਤੱਕ ਘਰੇਲੂ ਕੰਮ ਤੋਂ ਮੁਕਤ ਕਰ ਦਿੱਤਾ ਹੈ। ਹੁਣ ਕਿਹੜਾ ਘਰ ਦਾ ਕੰਮ ਕਰਨ ਵਾਲਾ ਮੋਮਬੱਤੀ ਬਣਾਉਣ, ਉੱਨ ਕੱਤਣ ਜਾਂ ਬੁਣਨ, ਕੱਪੜਾ ਬਣਾਉਣ ਦੀ ਖੇਚਲ ਕਰੇਗਾ? ਇਹ ਸਾਰੇ ਉਤਪਾਦ ਇਥੋਂ ਤੱਕ ਖਾਣ-ਪੀਣ ਦਾ ਸਮਾਨ ਵੀ ਅਗਲੇ ਦਰਵਾਜ਼ੇ ਦੀ ਦੁਕਾਨ ਵਿੱਚੋਂ ਖਰੀਦੇ ਜਾ ਸਕਦੇ ਹਨ, ਪਹਿਲਾਂ ਹਰ ਕੁੜੀ ਸਟੋਕਿੰਗਜ਼ ਬੁਣਨਾ, ਦਰੀਆਂ ਅਤੇ ਖੇਸ ਬੁਣਨਾ ਸਿੱਖਦੀ ਸੀ, ਅੱਜਕੱਲ੍ਹ ਕਿਹੜੀ ਕੰਮਕਾਜੀ ਔਰਤ ਆਪਣਾ ਬੁਣਨ ਬਾਰੇ ਸੋਚੇਗੀ? ਪਹਿਲਾਂ ਤਾਂ ਉਸ ਕੋਲ ਸਮਾਂ ਹੀ ਨਹੀਂ। ਸਮਾਂ ਪੈਸਾ ਹੈ ਅਤੇ ਕੋਈ ਵੀ ਵਿਅਕਤੀ ਗੈਰ-ਉਤਪਾਦਕ ਅਤੇ ਬੇਕਾਰ ਤਰੀਕੇ ਨਾਲ ਸਮਾਂ ਬਰਬਾਦ ਨਹੀਂ ਕਰਨਾ ਚਾਹੁੰਦਾ ਹੈ।

ਹੁਣ ਨਿਊਕਲੀਅਰ ਪਰਵਾਰ ਵੀ ਟੁੱਟਣ ਲੱਗ ਪਏ ਹਨ। ਇੱਕ ਸਥਾਨ 'ਤੇ ਕੰਮ ਕਰਦੇ ਮਰਦ ਤੇ ਔਰਤ ਬਿਨਾਂ ਵਿਆਹ ਕਰਵਾਏ ਇਕੱਠੇ ਰਹਿਣ ਲੱਗ ਪਏ ਹਨ। ਇੱਕ 'ਲਿਵ-ਇਨ ਰਿਲੇਸ਼ਨ' ਦੇ ਨਾਂਅ ਹੇਠ ਜਿਨਸੀ ਸੰਬੰਧਾਂ ਵਿੱਚ ਉਹਨਾਂ ਲੋਕਾਂ ਦਾ ਸ਼ਾਮਲ ਹੋਣਾ, ਜੋ ਇਕੱਠੇ ਰਹਿੰਦੇ ਹਨ ਅਤੇ ਵਿਆਹੇ ਨਹੀਂ ਹਨ। ਇੱਹ ਲਿਵ-ਇਨ ਪਾਰਟਨਰ ਕਹਾਉਂਦੇ ਹਨ। ਵਿਆਹ ਨੂੰ ਇੱਕ ਬੰਧਨ ਸਮਝਦੇ ਹਨ ਅਤੇ ਇਸ ਲਈ ਉਹ ਵੱਖ ਹੋਣ ਦੀ ਲੋੜ ਪੈਣ 'ਤੇ ਤਲਾਕ ਦੀ ਲੰਮੀ ਪ੍ਰਕਿਰਿਆ ਦੀ ਪਾਲਣਾ ਕੀਤੇ ਬਿਨਾਂ ਬਰਾਬਰ ਜ਼ਿੰਮੇਵਾਰੀਆਂ ਸਾਂਝੀਆਂ ਕਰਨ, ਇਕੱਠੇ ਸਮੱਸਿਆਵਾਂ ਦਾ ਸਾਹਮਣਾ ਕਰਨ ਅਤੇ ਇੱਕ-ਦੂਜੇ ਦਾ ਸਮਰਥਨ ਕਰਨ ਲਈ ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਉ

31-AUG-PAGE-5.qxd 8/30/2024 10:26 PM Page 1

ਮਹੀਨੇ ਤੋਂ ਸੁਣਵਾਈ ਦੀ ਉਡੀਕ 'ਚ ਕਿਸਾਨਾਂ-ਮਜ਼ਦੂਰਾਂ ਵੱਲੋਂ ਚੱਕਾ ਜਾਮ

ਮਜ਼ਦੂਰ ਆਗੂਆਂ ਤਹਿਸੀਲਦਾਰ ਨੂੰ ਮੰਗ ਪੱਤਰ ਦੇਣ ਤੋਂ ਕੀਤਾ ਇਨਕਾਰ

ਨਾਭਾ ਸਰਕੂਲਰ ਰੋਡ ਨੂੰ ਜਾਮ ਕਰਕੇ ਰੋਸ ਮੁਜ਼ਾਹਰਾ ਕਰਦੇ ਕਿਸਾਨ ਤੇ ਮਜ਼ਦੂਰ।

ਨਾਭਾ (ਵਰਿੰਦਰ ਵਰਮਾ)

ਨਾਭਾ ਬੀਡੀਪੀਓ ਦਫਤਰ ਵਿਖੇ ਇੱਕ ਮਹੀਨੇ ਤੋਂ ਚਲਦੇ ਲਗਾਤਾਰ ਧਰਨੇ ਦੇ ਬਾਵਜੂਦ ਕਥਿਤ ਕੋਈ ਸੁਣਵਾਈ ਨਾ ਹੋਣ 'ਤੇ ਸ਼ੁੱਕਰਵਾਰ ਮਨਰੇਗਾ ਮਜ਼ਦੂਰਾਂ ਨੇ ਨਾਭਾ ਵਿਧਾਇਕ ਦੇ ਦਫਤਰ ਬਾਹਰ ਨਾਭਾ ਸਰਕੂਲਰ ਰੋਡ ਉੱਪਰ ਦੋ ਘੰਟੇ ਦਾ ਸੰਕੇਤਕ ਜਾਮ ਲਗਾਇਆ।ਇਸ ਵਿਰੋਧ ਪ੍ਰਦਰਸ਼ਨ 'ਚ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਅਤੇ ਖੇਤੀਬਾੜੀ ਤੇ ਕਿਸਾਨ ਵਿਕਾਸ ਫ਼ਰੰਟ ਦੇ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ।ਮਨਰੇਗਾ ਐਕਟ ਦੀ ਕਈ ਸੈਕਸ਼ਨ ਤੇ ਮਨਰੇਗਾ ਕਮਿਸ਼ਨਰ ਦੇ ਵੱਖ ਵੱਖ ਹੁਕਮਾਂ ਨੂੰ ਲਾਗੂ ਕਰਾਉਣ ਦੀ ਮੰਗ ਕਰਦੇ ਹੋਏ ਕਈ ਮਹੀਨਿਆਂ ਤੋਂ ਲੰਬਿਤ ਅਰਜ਼ੀਆਂ 'ਤੇ ਕਥਿਤ ਕੋਈ ਕਾਰਵਾਈ ਨਾ ਹੋਣ 'ਤੇ 31 ਜੁਲਾਈ ਤੋਂ ਡੈਮੋਕ੍ਰੇਟਿਕ ਮਨਰੇਗਾ ਫ਼ਰੰਟ ਦੀ ਅਗਵਾਈ 'ਚ ਪੇਂਡੂ ਮਜ਼ਦੂਰ ਲਗਾਤਾਰ ਧਰਨੇ 'ਤੇ ਹਨ।ਸੁਣਵਾਈ ਨਾ ਹੋਣ 'ਤੇ 16 ਅਗਸਤ ਤੋਂ ਮਜ਼ਦੂਰਾਂ ਨੇ ਨਾਭਾ ਬੀਡੀਪੀਓ ਖਿਲਾਫ ਕਾਰਵਾਈ ਦੀ ਮੰਗ ਰੱਖਦੇ ਹੋਏ ਸ਼ਹਿਰ ਵਿੱਚ ਵੱਡੇ ਜਲੂਸ ਕੱਢੇ। ਫ਼ਰੰਟ ਦੇ ਸੂਬਾ ਪ੍ਰਧਾਨ ਰਾਜ ਕੁਮਾਰ ਨੇ ਦੱਸਿਆ ਕਿ ਐਕਟ ਦੇ ਸੈਕਸ਼ਨ 23 ਮੁਤਾਬਕ ਮਨਰੇਗਾ ਤਹਿਤ ਅਰਜ਼ੀਆਂ ਦਾ ਨਿਪਟਾਰਾ ਇੱਕ ਹਫਤੇ 'ਚ ਨਾ ਕਰਨ 'ਤੇ ਬੀਡੀਪੀਓ ਖਿਲਾਫ ਸੈਕਸ਼ਨ 25 ਤਹਿਤ ਕਾਰਵਾਈ ਲਿਖੀ ਹੋਈ ਹੈ, ਇਥੇ ਤਾਂ ਕਈ ਮਹੀਨਿਆਂ ਬਾਅਦ ਵੀ ਕਿਸੇ ਅਰਜ਼ੀ ਦਾ ਕਾਨੂੰਨ ਮੁਤਾਬਕ ਨਿਪਟਾਰਾ ਨਹੀਂ ਹੋਇਆ।ਅੱਜ ਧਰਨੇ ਵਿੱਚ ਕਿਸਾਨ ਆਗੂ ਗੁਰਚਰਨ ਸਿੰਘ ਘਨੁੜਕੀ ਤੇ ਗੁਰਦਿਆਲ ਸਿੰਘ ਅੱਚਲ ਨੇ ਵੀ ਸੰਬੋਧਨ ਕੀਤਾ।

ਜ਼ਿਕਰਯੋਗ ਹੈ ਕਿ ਨਾਭਾ ਐੱਸ ਡੀ ਐੱਮ ਨੇ ਵੱਡੇ ਮੁਜ਼ਾਹਰੇ ਦੇਖਦੇ ਹੋਏ 20 ਅਗਸਤ ਨੂੰ ਨਾਭਾ ਬੀਡੀਪੀਓ ਨੂੰ ਰਿਪੋਰਟ ਪੇਸ਼ ਕਰਨ ਨੂੰ ਕਿਹਾ ਸੀ, ਪਰ ਫ਼ਰੰਟ ਦੇ ਆਗੂਆਂ ਮੁਤਾਬਕ ਨਾਭਾ ਬੀਡੀਪੀਓ ਨੇ ਨੋਟਿਸ ਦਾ ਵੀ ਜਵਾਬ ਦੇਣ ਦੀ ਥਾਂ ਏਡੀਸੀ ਦਫਤਰ ਰਾਹੀਂ ਪੁਲਸ ਦਾ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ।ਨਾਭਾ ਤਹਿਸੀਲਦਾਰ ਸ਼ੀਸ਼ਪਾਲ ਸਿੰਗਲਾ ਅੱਜ ਮੌਕੇ 'ਤੇ ਪਹੁੰਚੇ, ਪਰ ਮਜ਼ਦੂਰ ਆਗੂਆਂ ਨੇ ਕੋਈ ਮੰਗ ਪੱਤਰ ਦੇਣ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਉਹ ਮੰਗਾਂ ਕਈ ਵਾਰੀ ਦਰਜ ਕਰਵਾ ਚੁੱਕੇ ਹਨ। ਮਜ਼ਦੂਰਾਂ ਨੇ ਜਾਮ 'ਚ ਫਸੇ ਲੋਕਾਂ ਨੂੰ ਹੱਥ ਪਰਚੇ ਵੰਡ ਕੇ ਸਹਿਯੋਗ ਦੀ ਅਪੀਲ ਕੀਤੀ ਤੇ ਪ੍ਰਸ਼ਾਸਨ ਨੂੰ ਮੰਗਾਂ ਨਾ ਮੰਨਣ 'ਤੇ ਸੰਘਰਸ਼ ਤਿੱਖਾ ਕਰਨ ਦੀ ਚੇਤਾਵਨੀ ਦਿੱਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾ ਸਕੱਤਰ ਹਰਦੀਪ ਕੌਰ ਪਾਲੀਆ, ਸੁਨੀਤਾ ਕੈਦੂਪੁਰ, ਰਾਜ ਕੌਰ ਬੂਹੀ, ਕ੍ਰਿਸ਼ਨ ਸਿੰਘ ਲੁਬਾਣਾ, ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਕੌਰ ਰਾਮਗੜ੍ਹ, ਰਮਨਜੋਤ ਕੌਰ ਬਾਬਰਪੁਰ, ਹਰਦੀਪ ਕੌਰ ਹਿਆਣਾ, ਕਰਮਜੀਤ ਕੌਰ ਬਨੇਰਾ, ਸੁਖਵਿੰਦਰ ਕੌਰ ਨੋਹਰਾ, ਜਸਪ੍ਰੀਤ ਕੌਰ ਲੋਪੇ, ਭਿੰਦਰ ਕੌਰ ਗੁੱਜਰਹੇੜੀ, ਹਰਬੰਸ ਕੌਰ ਮੱਲੇਵਾਲ, ਕੇਵਲ ਸਿੰਘ ਕੋਟ, ਜੀਤ ਸਿੰਘ ਕੱਲੇਮਾਜਰਾ, ਸੋਨੀ ਮੋਲਗਵਾਰਾ, ਲਖਬੀਰ ਲਾਡੀ, ਜਗਦੇਵ ਭੋੜੇ ਤੋਂ ਇਲਾਵਾ ਆਈ.ਡੀ.ਪੀ. ਦੇ ਸੂਬਾ ਆਗੂ ਕਰਨੈਲ ਸਿੰਘ ਜਖੇਪਲ, ਗੁਰਮੀਤ ਸਿੰਘ ਬੂਹੀ ਤੇ ਕਸ਼ਮੀਰਾ ਸਿੰਘ ਨੇ ਸਰਗਰਮ ਸ਼ਮੂਲੀਅਤ ਕੀਤੀ।

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦਾ ਸੂਬਾ ਇਜਲਾਸ ਸੰਪੰਨ

ਧੰਨਾ ਮੱਲ ਗੋਇਲ ਸੂਬਾ ਪ੍ਰਧਾਨ ਤੇ ਗੁਰਮੇਲ ਸਿੰਘ ਮਾਛੀਕੇ ਬਣੇ ਸੂਬਾ ਜਨਰਲ ਸਕੱਤਰ

ਸੂਬਾ ਇਜਲਾਸ 'ਚ ਚੁਣੀ ਗਈ ਨਵੀਂ ਟੀਮ ਦੇ ਅਹੁਦੇਦਾਰ।

ਮੋਗਾ (ਇਕਬਾਲ ਸਿੰਘ ਖਹਿਰਾ)

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦਾ 9ਵਾਂ ਸੂਬਾ ਇਜਲਾਸ ਸ਼ਹੀਦ ਨਛੱਤਰ ਸਿੰਘ ਭਵਨ ਮੋਗਾ ਵਿਖੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਦੀ ਪ੍ਰਧਾਨਗੀ ਹੇਠ ਸੰਪੰਨ ਹੋਇਆ। ਇਸ ਇਜਲਾਸ ਦੌਰਾਨ ਸੂਬਾ ਜਨਰਲ ਸਕੱਤਰ ਗੁਰਮੇਲ ਸਿੰਘ ਮਾਛੀਕੇ, ਵਿੱਤ ਸਕੱਤਰ ਐੱਚ ਐੱਸ ਰਾਣੂ, ਸਰਪ੍ਰਸਤ ਸੁਰਜੀਤ ਸਿੰਘ, ਚੇਅਰਮੈਨ ਦਿਲਦਾਰ ਸਿੰਘ ਚਾਹਲ, ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਸਿੰਘ ਭੋਗਲ ਵੀ ਪ੍ਰਧਾਨਗੀ ਮੰਡਲ 'ਚ ਸ਼ਾਮਲ ਹੋਏ। ਇਸ ਮੌਕੇ ਵੱਖ ਵੱਖ ਜ਼ਿਲ੍ਹਿਆਂ ਤੋਂ ਮੁਖ ਬੁਲਾਰੇ ਸੂਬਾ ਪ੍ਰੈੱਸ ਸੈਕਟਰੀ ਮਲਕੀਤ ਥਿੰਦ, ਮੀਤ ਪ੍ਰਧਾਨ ਅਵਤਾਰ ਸਿੰਘ ਬਟਾਲਾ, ਮੀਤ ਪ੍ਰਧਾਨ ਨਛੱਤਰ ਸਿੰਘ ਤਰਨਤਾਰਨ, ਸੂਬਾ ਜਾਇੰਟ ਸਕੱਤਰ ਸੀ ਆਰ ਸ਼ੰਕਰ, ਸੂਬਾ ਕਮੇਟੀ ਮੈਂਬਰ ਚਮਕੌਰ ਸਿੰਘ ਲੁਧਿਆਣਾ, ਅਵਤਾਰ ਸਿੰਘ, ਦਰਸ਼ਨ ਸਿੰਘ ਸੰਗਰੂਰ, ਹਰਪ੍ਰੀਤ ਸਿੰਘ ਫਤਿਹਗੜ੍ਹ ਸਾਹਿਬ, ਪਲਜਿੰਦਰ ਸਿੰਘ ਮੋਹਾਲੀ, ਬਲਵੀਰ ਸਿੰਘ ਮੋਹਾਲੀ, ਅਰਜਿੰਦਰ ਸਿੰਘ ਕੋਹਾਲੀ ਅੰਮ੍ਰਿਤਸਰ, ਮਨਪ੍ਰੀਤ ਬਠਿੰਡਾ, ਡਾ. ਅਨੰਦ ਵਾਲੀਆ ਪਟਿਆਲਾ ਸ਼ਾਮਲ ਹੋਏ ਤੇ 18 ਜ਼ਿਲ੍ਹਿਆਂ ਤੋਂ ਲਗਭਗ 150 ਡੈਲੀਗੇਟ ਵੱਲੋਂ ਸ਼ਮੂਲੀਅਤ ਕੀਤੀ ਗਈ।

ਇਸ ਇਜਲਾਸ ਦਾ ਆਰੰਭ ਝੰਡਾ ਲਹਿਰਾਉਣ ਦੀ ਰਸਮ ਸੂਬਾ ਪ੍ਰਧਾਨ ਤੇ ਸੂਬਾ ਕਮੇਟੀ ਵੱਲੋਂ ਅਦਾ ਕਰਕੇ ਕੀਤਾ ਗਿਆ। ਇਜਲਾਸ ਦੌਰਾਨ ਸਾਬਕਾ ਜਨਰਲ ਸਕੱਤਰ ਮਰਹੂਮ ਡਾਕਟਰ ਕੁਲਵੰਤ ਰਾਏ ਦੀ ਤਸਵੀਰ 'ਤੇ ਫੁੱਲਮਾਲਾਵਾਂ ਭੇਟ ਕਰਦੇ ਹੋਏ ਵਿੱਛੜੇ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਵੱਲੋਂ ਆਪਣੇ ਸਵਾਗਤੀ ਭਾਸ਼ਣ ਵਿੱਚ ਆਏ ਡੈਲੀਗੇਟਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਤੇ ਇਜਲਾਸ ਦੇ ਮਹੱਤਵ ਬਾਰੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਇਜਲਾਸ ਪਿਛਲੀਆਂ ਘਾਟਾਂ, ਕਮਜ਼ੋਰੀਆਂ ਤੇ ਨੁਕਸਾਂ ਨੂੰ ਦੂਰ ਕਰਦੇ ਹੋਏ ਆਪਸੀ ਏਕਤਾ ਨੂੰ ਮਜ਼ਬੂਤ ਕਰਨ ਤੇ ਜਥੇਬੰਦੀ ਨੂੰ ਤਕੜਾ ਕਰਨ ਦਾ ਅਹਿਮ ਉਪਰਾਲਾ ਹੁੰਦਾ ਹੈ। ਸੋ ਸਾਰੇ ਸਾਥੀਆਂ ਨੂੰ ਪੂਰੇ ਤਹੱਮਲ ਤੇ ਸੰਜੀਦਗੀ ਨਾਲ ਬਹਿਸ ਕਰਦੇ ਹੋਏ ਪਿਛਲੇ ਤਜਰਬੇ ਦਾ ਸਹੀ ਨਿਚੋੜ ਕੱਢਣਾ ਚਾਹੀਦਾ ਹੈ। ਜਨਰਲ ਸਕੱਤਰ ਗੁਰਮੇਲ ਸਿੰਘ ਮਾਛੀਕੇ ਵੱਲੋਂ ਪਿਛਲੇ ਸਾਢੇ ਪੰਜ ਵਰ੍ਹਿਆਂ ਦੌਰਾਨ ਕੀਤੀ ਗਈ ਕਾਰਗੁਜ਼ਾਰੀ ਦੀ ਰੀਵਿਊ ਰਿਪੋਰਟ ਪੇਸ਼ ਕਰਦੇ ਹੋਏ, ਜਿੱਥੇ ਪਿਛਲੇ ਸਮੇਂ ਅੰਦਰ ਕੀਤੀਆਂ ਗਈਆਂ ਸਰਗਰਮੀਆਂ 'ਤੇ ਝਾਤ ਪੁਆਈ ਗਈ, ਉੱਥੇ ਨਾਲ ਹੀ ਭਰਾਤਰੀ ਤਬਕਿਆਂ ਦੇ ਸੰਘਰਸ਼ਾਂ ਅੰਦਰ, ਖਾਸ ਕਰਕੇ ਮਹਾਨ ਕਿਸਾਨ ਅੰਦੋਲਨ ਦੌਰਾਨ ਸਾਡੀ ਜਥੇਬੰਦੀ ਵੱਲੋਂ ਪਾਏ ਗਏ ਭਰਪੂਰ ਯੋਗ ਦਾਨ ਦੀ ਤਸਵੀਰ ਪੇਸ਼ ਕੀਤੀ। ਰਿਪੋਰਟ ਉੱਪਰ ਸਮੂਹ ਡੈਲੀਗੇਟਾਂ ਵੱਲੋਂ ਭਰਵੀਂ ਵਿਚਾਰ ਚਰਚਾ ਕਰਕੇ ਇਸ ਨੂੰ ਪਾਸ ਕੀਤਾ ਗਿਆ। ਵਿੱਤ ਸਕੱਤਰ ਐੱਚ ਐੱਸ ਰਾਣੂ ਵੱਲੋਂ ਪਿਛਲੇ ਸਮੇਂ ਦੇ ਕੁੱਲ ਫੰਡ ਤੇ ਖਰਚ ਦੀ ਰਿਪੋਰਟ ਪੇਸ਼ ਕੀਤੀ ਗਈ, ਜਿਸ ਨੂੰ ਸਭਨਾਂ ਡੈਲੀਗੇਟਾਂ ਵੱਲੋਂ ਵਾਚਣ ਪੜਤਾਲਣ ਬਾਅਦ ਪਾਸ ਕੀਤਾ ਗਿਆ।

ਸਰਪ੍ਰਤ ਡਾ. ਸੁਰਜੀਤ ਸਿੰਘ ਵੱਲੋਂ ਅੱਜ ਦੇ ਹਾਲਾਤਾਂ 'ਤੇ ਗੱਲ ਕਰਦੇ ਹੋਏ ਦੱਸਿਆ ਕਿ ਅੱਜ ਸਰਕਾਰ ਹੋਰਨਾਂ ਸੰਘਰਸ਼ਸ਼ੀਲ ਲੋਕਾਂ ਦੇ ਮਸਲਿਆਂ ਵਾਂਗ ਸਾਡੀ ਰਜਿਸਟ੍ਰੇਸ਼ਨ ਦੇ ਮਸਲੇ ਸੰਬੰਧੀ ਕੁਝ ਕਰਨ ਨੂੰ ਤਿਆਰ ਨਹੀਂ, ਤਾਂ ਅਜਿਹੀ ਹਾਲਤ ਵਿੱਚ ਆਪਣੇ ਰੁਜ਼ਗਾਰ ਦੀ ਰਾਖੀ ਲਈ ਤੇ ਰਜਿਸਟ੍ਰੇਸ਼ਨ ਦਾ ਹੱਕ ਮੰਨਵਾਉਣ ਲਈ ਤਕੜਾ ਸੰਘਰਸ਼ ਲੜਨ ਦੀ ਵੱਡੀ ਜ਼ਰੂਰਤ ਹੈ। ਸੋ ਇਸ ਲਈ ਜਥੇਬੰਦੀ ਦੀ ਏਕਤਾ ਨੂੰ ਮਜ਼ਬੂਤ ਕਰਨ ਤੇ ਸੰਘਰਸ਼ਾਂ ਲਈ ਤਿਆਰ ਹੋਣ ਦੀ ਲੋੜ ਹੈ।

ਜਲੰਧਰ (ਸ਼ੈਲੀ ਐਲਬਰਟ) ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਪੁਲਸ ਨੇ 250 ਗ੍ਰਾਮ ਹੈਰੋਇਨ ਸਮੇਤ 4 ਸਮੱਗਲਰਾਂ ਨੂੰ ਕਾਬੂ ਕੀਤਾ ਹੈ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਸੂਹ ਮਿਲਣ 'ਤੇ ਵਾਈ ਪੁਆਇੰਟ ਹਰਨਾਮ-ਦਾਸਪੁਰਾ ਨੇੜੇ ਜਾਲ ਵਿਛਾਇਆ ਗਿਆ ਤਾਂ ਇਕ ਨੌਜਵਾਨ ਸਨੀ ਵੇਹਮੀ ਪੁੱਤਰ ਸੁਨੀਲ ਵਾਸੀ ਗੀਤਾ ਕਾਲੋਨੀ ਗਲੀ ਨੰ 6 ਕਾਲਾ ਸੰਘਿਆ ਰੋਡ, ਜਲੰਧਰ ਨੂੰ ਰੋਕ ਕੇ ਉਸ ਦੀ ਚੈਕਿੰਗ ਕੀਤੀ ਤਾਂ ਉਸ ਕੋਲੋਂ 100 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਡਿਵੀਜ਼ਨ ਨੰਬਰ 2, ਜਲੰਧਰ ਵਿਖੇ ਐਫਆਈਆਰ 91 ਮਿਤੀ 22-08-2024 ਅਧੀਨ 21 ਐਨਡੀਪੀਐਸ ਐਕਟ ਦਰਜ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਸ ਅਪਰਾਧ ਵਿੱਚ ਤਿੰਨ ਹੋਰ ਵਿਅਕਤੀ ਹਨੀ ਕਲਿਆਣ ਪੁੱਤਰ ਸ਼ਿਵਜੀ ਵਾਸੀ ਨੰਬਰ 678 ਲਿੰਕ ਰੋਡ ਅਬਾਦਪੁਰਾ ਜਲੰਧਰ, ਮਨੀ ਸੱਭਰਵਾਲ ਪੁੱਤਰ ਬੰਬੀ ਸੱਭਰਵਾਲ ਵਾਸੀ ਨੰਬਰ ਡਬਲਯੂ.ਜੇ.-149 ਬਸਤੀ ਗੁੱਜਨ ਸ਼ਕਤੀ ਨਗਰ ਜਲੰਧਰ ਅਤੇ ਨੀਰਜ ਪੁੱਤਰ ਰਾਜ ਕੁਮਾਰ ਵਾਸੀ ਨੰਬਰ ਡਬਲਯੂ.ਜੇ.-149 ਬਸਤੀ ਗੁੱਜਨ ਸ਼ਕਤੀ ਨਗਰ ਜਲੰਧਰ ਵੀ ਸ਼ਾਮਲ ਸਨ। ਪੁਲਸ ਨੇ ਤਿੰਨਾਂ ਨੂੰ ਗ੍ਰਿਫ਼ਤਾਰ ਕਰਕੇ ਹਨੀ ਕਲਿਆਣ ਪਾਸੋਂ 100 ਗ੍ਰਾਮ ਹੈਰੋਇਨ ਅਤੇ ਮਨੀ ਸੱਭਰਵਾਲ ਕੋਲੋਂ 50 ਗ੍ਰਾਮ ਹੈਰੋਇਨ ਬਰਾਮਦ ਕੀਤੀ ।

ਜ਼ਿਲ੍ਹਾ ਪੱਧਰੀ ਪੰਜਾਬੀ ਸਾਹਿਤ ਸਿਰਜਣ ਤੇ ਕਵਿਤਾ ਗਾਇਨ ਮੁਕਾਬਲੇ ਕਰਵਾਏ

ਨਵਾਂਸ਼ਹਿਰ (ਮਨੋਜ ਲਾਡੀ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ ਹਰਜੋਤ ਸਿੰਘ ਬੈਂਸ ਦੀ ਰ

31-AUG-PAGE-9.qxd 8/30/2024 10:41 PM Page 1

ਐੱਲ ਪੀ ਯੂ ਨੇ ਪੈਰਿਸ ਓਲੰਪਿਕ 'ਚ ਨੁਮਾਇੰਦਗੀ ਕਰਨ ਵਾਲੇ ਵਿਦਿਆਰਥੀਆਂ ਨੂੰ ਦਿੱਤੇ 2.5 ਕਰੋੜ ਦੇ ਨਕਦ ਇਨਾਮ

ਜਲੰਧਰ (ਸ਼ੈਲੀ ਅਲਬਰਟ)-ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਨੇ ਪੈਰਿਸ ਓਲੰਪਿਕ ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਵਾਲੇ ਆਪਣੇ ਵਿਦਿਆਰਥੀਆਂ ਨੂੰ 2.5 ਕਰੋੜ ਰੁਪਏ ਦੇ ਨਕਦ ਇਨਾਮ ਨਾਲ ਸਨਮਾਨਿਤ ਕੀਤਾ। ਕੈਂਪਸ ਵਿੱਚ ਹੋਏ ਇਸ ਸਮਾਗਮ ਵਿੱਚ ਕੁਸ਼ਤੀ ਸਟਾਰ ਵਿਨੇਸ਼ ਫੋਗਾਟ ਅਤੇ ਭਾਰਤੀ ਹਾਕੀ ਖਿਡਾਰੀ ਕਪਤਾਨ ਹਰਮਨਪ੍ਰੀਤ ਸਿੰਘ ਸਮੇਤ 24 ਵਿੱਚੋਂ 14 ਓਲੰਪੀਅਨਾਂ ਦਾ ਸਵਾਗਤ ਕੀਤਾ ਗਿਆ।ਸਿਰਫ਼ 100 ਗ੍ਰਾਮ ਦੇ ਫਰਕ ਨਾਲ ਅਯੋਗ ਹੋਣ ਦੇ ਬਾਵਜੂਦ, ਐਲਪੀਯੂ ਨੇ ਵਿਨੇਸ਼ ਫੋਗਾਟ ਨੂੰ 25 ਲੱਖ ਰੁਪਏ ਦੇ ਨਕਦ ਇਨਾਮ ਨਾਲ ਸਨਮਾਨਿਤ ਕੀਤਾ। ਰਾਜ ਸਭਾ ਮੈਂਬਰ ਅਤੇ ਐਲਪੀਯੂ ਦੇ ਸੰਸਥਾਪਕ ਚਾਂਸਲਰ ਡਾ ਅਸ਼ੋਕ ਕੁਮਾਰ ਮਿੱਤਲ ਨੇ ਵਿਨੇਸ਼ ਨੂੰ 'ਬਲਾਲੀ ਕੀ ਜਵਾਲਾਮੁਖੀ' ਕਿਹਾ ਅਤੇ ਉਸ ਦੇ ਸਨਮਾਨ ਵਿੱਚ 100 ਹੋਣਹਾਰ ਮਹਿਲਾ-ਐਥਲੀਟਾਂ ਨੂੰ ਸਪਾਂਸਰ ਕਰਨ ਦਾ ਐਲਾਨ ਕੀਤਾ। ਡਾ: ਮਿੱਤਲ ਨੇ ਕਿਹਾ ਕਿ ਉਨ੍ਹਾਂ ਨੇ ਐਲਪੀਯੂ ਦੇ ਸਰੀਰਕ ਸਿੱਖਿਆ ਪ੍ਰੋਗਰਾਮ ਵਿੱਚ ਵਿਨੇਸ਼ ਫੋਗਾਟ 'ਤੇ ਫੋਕਸ ਚੈਪਟਰ ਸ਼ੁਰੂ ਕਰਨ ਦਾ ਵੀ ਐਲਾਨ ਕੀਤਾ।ਇਹ ਸਮਾਗਮ ਰਾਸ਼ਟਰੀ ਖੇਡ ਦਿਵਸ ਦੇ ਨਾਲ-ਨਾਲ ਮਨਾਇਆ ਗਿਆ। ਇਸ ਮੌਕੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਆਪਣੇ ਓਲੰਪੀਅਨਾਂ ਦਾ ਸ਼ਾਨਦਾਰ ਸਵਾਗਤ ਕੀਤਾ ਅਤੇ ਕਈ ਤਰ੍ਹਾਂ ਦੇ ਪ੍ਰੋਗਰਾਮ ਵੀ ਕਰਵਾਏ ਗਏ। ਜਿਸ ਵਿੱਚ ਓਪਨ ਟਾਪ ਬੱਸ ਪਰੇਡ, ਸੱਭਿਆਚਾਰਕ ਪ੍ਰਦਰਸ਼ਨ ਅਤੇ ਚੈਂਪੀਅਨ ਐਥਲੀਟਾਂ 'ਤੇ ਫੁੱਲਾਂ ਦੀ ਵਰਖਾ ਕੀਤੀ ਗਈ।ਸਨਮਾਨਿਤ ਕੀਤੇ ਗਏ ਖਿਡਾਰੀਆਂ ਵਿੱਚ ਹਾਕੀ ਖਿਡਾਰੀ ਹਰਮਨਪ੍ਰੀਤ ਸਿੰਘ, ਮਨਦੀਪ ਸਿੰਘ, ਹਾਰਦਿਕ, ਸ਼ਮਸ਼ੇਰ ਸਿੰਘ (ਬੀ.ਏ.), ਗੁਰਜੰਟ ਸਿੰਘ (ਐਮ.ਬੀ.ਏ.), ਮੁੱਕੇਬਾਜ਼ ਲਵਲੀਨਾ ਬੋਰਗੋਹੇਨ (ਬੀ.ਏ.), ਪ੍ਰੀਤੀ (ਬੀ.ਐਸ.ਸੀ.), ਜੈਸਮੀਨ ਲੰਬੋਰੀਆ (ਬੀ. ਪੀ.ਈ.ਡੀ.), ਪਹਿਲਵਾਨ ਵਿਨੇਸ਼ (ਐੱਮ. ਏ.), ਅੰਤਿਮ ਪੰਘਾਲ, ਅੰਸ਼ੂ ਮਲਿਕ (ਐੱਮ. ਏ.), ਨਿਸ਼ਾਨੇਬਾਜ਼ ਅਰਜੁਨ ਸਿੰਘ ਚੀਮਾ (ਐੱਮ. ਏ.), ਅਥਲੀਟ ਕਿਰਨ ਪਹਿਲ (ਬੀ.ਏ.), ਵਿਕਾਸ ਸਿੰਘ, ਬਲਰਾਜ ਪੰਵਾਰ (ਬੀ.ਬੀ.ਏ.)। ਚਾਂਦੀ ਦਾ ਤਗਮਾ ਜੇਤੂ ਵਿਦਿਆਰਥੀ ਨੀਰਜ ਚੋਪੜਾ ਸਮੇਤ ਬਾਕੀ ਅੱਠ ਓਲੰਪੀਅਨਾਂ ਦੇ ਅਗਲੇ ਮਹੀਨੇ ਦੇ ਅਖੀਰ ਵਿੱਚ ਅਲਮਾ ਮੇਟਰ ਦਾ ਦੌਰਾ ਕਰਨ ਦੀ ਉਮੀਦ ਹੈ।

ਸੇਂਟ ਸੋਲਜਰ ਇਲੀਟ ਸਕੂਲ ਨੇ ਕਰਾਟੇ ਚੈਂਪੀਅਨਸ਼ਿਪ 'ਚ ਕੀਤਾ ਸ਼ਾਨਦਾਰ ਪ੍ਰਦਰਸ਼ਨ

ਜਲੰਧਰ (ਇਕਬਾਲ ਸਿੰਘ ਉੱਭੀ) ਸੇਂਟ ਸੋਲਜਰ ਇਲੀਟ ਸਕੂਲ, ਮੋਤੀ ਬਾਗ ਦੇ ਵਿਦਿਆਰਥੀਆਂ ਨੇ ਕਰਾਟੇ ਚੈਂਪੀਅਨਸ਼ਿਪ ਵਿੱਚ ਆਪਣੇ ਜੌਹਰ ਦਿਖਾਏ। ਹਾਲ ਹੀ ਵਿੱਚ ਕੋਬਰਾ ਕਰਾਟੇ ਸੈਂਟਰ ਜਲੰਧਰ, ਡੀ. ਏ.ਵੀ. ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਕਾਲਜ, ਜਲੰਧਰ ਵਿਖੇ ਆਯੋਜਿਤ ਨਾਰਥ ਇੰਡੀਆ ਕਰਾਟੇ ਚੈਂਪੀਅਨਸ਼ਿਪ ਵਿੱਚ ਸੇਂਟ ਸੋਲਜਰ ਇਲੀਟ ਸਕੂਲ, ਮੋਤੀ ਬਾਗ ਦੇ 1ਵੀਂ ਤੋਂ 8ਵੀਂ ਜਮਾਤ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਦੀ ਪ੍ਰਿੰਸੀਪਲ ਅਨੁਰਾਧਾ ਜੁਡੇਜਾ ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਵੱਖ-ਵੱਖ ਸਕੂਲਾਂ ਦੇ ਕੁੱਲ 600 ਵਿਦਿਆਰਥੀਆਂ ਨੇ ਭਾਗ ਲਿਆ ਸੀ, ਜਿਨ੍ਹਾਂ ਵਿੱਚੋਂ ਸਾਡੇ ਸਕੂਲ ਦੇ ਵਿਦਿਆਰਥੀਆਂ ਨੇ 9 ਮੈਡਲ ਜਿੱਤੇ ਹਨ। ਜੇਤੂ ਵਿਦਿਆਰਥੀ ਦੁਬਈ, ਕੈਨੇਡਾ, ਮਲੇਸ਼ੀਆ ਅਤੇ ਯੂਰਪ ਵਿੱਚ ਭਾਗ ਲੈਣਗੇ। ਜੇਤੂ ਸਕੂਲੀ ਵਿਦਿਆਰਥੀਆਂ 'ਚ 8ਵੀਂ ਜਮਾਤ ਦੇ ਕਬੀਰ ਸਿੰਘ ਨੇ ਸੋਨ ਤਗਮਾ, 5ਵੀਂ ਜਮਾਤ ਦੀ ਜਾਨਵੀ ਨੇ ਚਾਂਦੀ ਦਾ ਤਗਮਾ, 8ਵੀਂ ਜਮਾਤ ਦੇ ਹਮਪ੍ਰੀਤ ਸਿੰਘ ਨੇ ਚਾਂਦੀ ਦਾ ਤਗਮਾ, ਪਹਿਲੀ ਜਮਾਤ ਦੇ ਰਿਤੇਸ਼ ਨੇ ਕਾਂਸੀ ਦਾ ਤਗਮਾ, ਦੂਜੀ ਜਮਾਤ ਦੀ ਸਮਰੀਤ ਕੌਰ ਨੇ ਕਾਂਸੀ ਦਾ ਤਗਮਾ, ਦਿਲਰਾਜ ਸਿੰਘ ਨੇ ਕਾਂਸੀ ਦਾ ਤਗਮਾ, ਨਿਤੀਸ਼ ਕੁਮਾਰ ਨੇ ਕਾਂਸੀ ਦਾ ਤਗਮਾ, ਛੇਵੀਂ ਜਮਾਤ ਦੇ ਗੁਰਸ਼ਾਨ ਸਿੰਘ ਨੇ ਕਾਂਸੀ ਦਾ ਤਗਮਾ ਜਿੱਤ ਕੇ ਗਰੁੱਪ ਦਾ ਨਾਂਅ ਰੌਸ਼ਨ ਕੀਤਾ।

ਜਿੰਪਾ ਨੇ ਪਿੰਡ ਸ਼ੇਰਗੜ੍ਹ 'ਚ ਸਟੇਡੀਅਮ ਦੇ ਨਵੀਨੀਕਰਨ ਦੀ ਕਰਵਾਈ ਸ਼ੁਰੂਆਤ

ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)-ਪੰਜਾਬ ਦੇ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਪਿੰਡ ਸ਼ੇਰਗੜ੍ਹ ਵਿਚ ਸਟੇਡੀਅਮ ਦੇ ਨਵੀਨੀਕਰਨ ਦੀ ਰਸਮੀ ਸ਼ੁਰੂਆਤ ਕੀਤੀ। ਇਸ ਮਹੱਤਵਪੂਰਨ ਪ੍ਰੋਜੈਕਟ 'ਤੇ ਲਗਭਗ 17 ਲੱਖ ਰੁਪਏ ਖਰਚਾ ਆਵੇਗਾ ਅਤੇ ਇਸ ਦਾ ਉਦੇਸ਼ ਸਟੇਡੀਅਮ ਨੂੰ ਇਕ ਆਧੁਨਿਕ ਖੇਡ ਪਾਰਕ ਵਿਚ ਤਬਦੀਲ ਕਰਨਾ ਹੈ। ਨਵੀਨੀਕਰਨ ਤਹਿਤ ਸਟੇਡੀਅਮ ਵਿਚ ਬੈਡਮਿੰਟਨ, ਵਾਲੀਬਾਲ ਅਤੇ ਬਾਸਕਟਬਾਲ ਦੇ ਕੋਰਟ ਬਣਾਏ ਜਾਣਗੇ। ਇਸ ਤੋਂ ਇਲਾਵਾ ਸੈਰ ਕਰਨ ਲਈ ਇਕ ਸੁੰਦਰ ਟਰੈਕ ਅਤੇ ਬੈਠਣ ਲਈ ਬੈਂਚ ਵੀ ਸਥਾਪਿਤ ਕੀਤੇ ਜਾਣਗੇ, ਜੋ ਕਿ ਉਪਰ ਤੋਂ ਕਵਰ ਹੋਣਗੇ, ਤਾਂ ਜੋ ਬਰਸਾਤ ਦੌਰਾਨ ਵੀ ਲੋਕ ਇਥੇ ਬੈਠ ਸਕਣ। ਜਿੰਪਾ ਨੇ ਦੱਸਿਆ ਕਿ ਇਸ ਨਵੀਨੀਕਰਨ ਪ੍ਰੋਜੈਕਟ ਦੇ ਪੂਰਾ ਹੋਣ ਨਾਲ ਨਾ ਕੇਵਲ ਪਿੰਡ ਸ਼ੇਰਗੜ੍ਹ ਦੇ ਖੇਡ ਖੇਤਰ ਵਿਚ ਸੁਧਾਰ ਹੋਵੇਗਾ, ਬਲਕਿ ਸਥਾਨਕ ਨੌਜਵਾਨਾ ਅਤੇ ਬੱਚਿਆਂ ਲਈ ਖੇਡ ਦੀਆਂ ਗਤੀਵਿਧੀਆਂ ਨੂੰ ਵੀ ਹੁਲਾਰਾ ਮਿਲੇਗਾ, ਜਿਸ ਨਾਲ ਉਨ੍ਹਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿਚ ਸਹਾਇਤਾ ਮਿਲੇਗੀ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਬੀ.ਡੀ.ਪੀ.ਓ ਸੁਖਵਿੰਦਰ ਸਿੰਘ, ਰਜਿੰਦਰ ਕੁਮਾਰ, ਹਰਦੀਪ ਸਰੋਆ, ਸੰਦੇਸ਼ ਕੁਮਾਰ, ਮੋਹਨ ਲਾਲ ਯੋਗਰਾਜ ਬੈਂਸ, ਸਰਪੰਚ ਜਾਗਰ , ਨਿਰਮਲ ਫੌਜੀ, ਟੇਕ ਰਾਜ, ਪੰਚ ਪਰਮਜੀਤ ਕੌਰ, ਪੰਚ ਹਰਦੇਵ ਸਿੰਘ, ਰੋਸ਼ਨ ਲਾਲ, ਹਰਵਿੰਦਰ ਸਿੰਘ, ਦੌਲਤ ਰਾਮ, ਪਵਨ, ਅਵਤਾਰ ਤਾਰੀ, ਪ੍ਰਿਤਪਾਲ ਅਤੇ ਅਸ਼ੋਕ ਪਹਿਲਵਾਨ ਵੀ ਮੌਜੂਦ ਸਨ।

ਉੱਪ ਜ਼ਿਲ੍ਹਾ ਸਿੱਖਿਆ ਅਫਸਰ ਨੇ ਨਸਰਾਲਾ ਸਕੂਲ ਦਾ ਕੀਤਾ ਅਚਨਚੇਤ ਦੌਰਾ

ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)—ਉੱਪ-ਜ਼ਿਲ੍ਹਾ ਸਿੱਖਿਆ ਅਫ਼ਸਰ ਸੁੱਖਵਿੰਦਰ ਸਿੰਘ ਨੇ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਨਸਰਾਲਾ ਅਚਨਚੇਤ ਦੌਰਾ ਕੀਤਾ। ਇਸ ਦੌਰੇ ਦਾ ਮਕਸਦ ਸਿੱਖਿਆ ਦੇ ਮਿਆਰ ਨੂੰ ਬਿਹਤਰ ਬਣਾਉਣ ਲਈ ਚੱਲ ਰਹੀਆਂ ਕਈ ਪ੍ਰਕਿਰਿਆਵਾਂ ਅਤੇ ਪ੍ਰੋਗਰਾਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣਾ ਸੀ।ਵਿਦਿਆਰਥੀਆਂ ਲਈ ਤਿਆਰ ਕੀਤੀਆਂ ਗਈਆਂ ਪ੍ਰੈਕਟਿਸ ਵਰਕਸ਼ੀਟਾਂ ਦੇ ਪ੍ਰਸ਼ਨਾਂ ਦੀ ਗੁਣਵੱਤਾ, ਉਨ੍ਹਾਂ ਦੇ ਸਮੱਗਰੀ ਦੀ ਪੂਰੇ ਧਿਆਨ ਨਾਲ ਜਾਂਚ ਕੀਤੀ।ਸਕੂਲ ਅਧਿਆਪਕਾਂ ਕੋਲੋਂ ਪੁੱਛਿਆ ਗਿਆ ਕਿ ਇਹ ਵਰਕਸ਼ੀਟਾਂ ਕਿਵੇਂ ਵਿਦਿਆਰਥੀਆਂ ਦੇ ਸਿੱਖਣ ਪ੍ਰਕਿਰਿਆ ਵਿੱਚ ਯੋਗਦਾਨ ਪਾ ਰਹੀਆਂ ਹਨ। ਅਧਿਆਪਕਾਂ ਨੇ ਦੱਸਿਆ ਕਿ ਪ੍ਰੈਕਟਿਸ ਵਰਕਸ਼ੀਟਾਂ ਨੂੰ ਵਿਦਿਆਰਥੀਆਂ ਦੀਆਂ ਸਿੱਖਣ ਦੀਆਂ ਲੋੜਾਂ ਅਤੇ ਉਨ੍ਹਾਂ ਦੀਆਂ ਯੋਗਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤਿਆਰ ਕੀਤਾ ਗਿਆ ਹੈ।ਇਸ ਦੇ ਨਾਲ ਹੀ, ਉੱਪ-ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਮਿਸ਼ਨ ਸਮਰੱਥ ਦੇ ਤਹਿਤ ਲੈ ਜਾ ਰਹੀ ਅੰਤਿਮ ਜਾਂਚ ਦਾ ਵੀ ਨਿਰੀਖਣ ਕੀਤਾ।ਇਸ ਜਾਂਚ ਦੇ ਜ਼ਰੀਏ, ਵਿਦਿਆਰਥੀ ਆਪਣੀਆਂ ਕਮਜ਼ੋਰੀਆਂ ਅਤੇ ਮਜ਼ਬੂਤੀਆਂ ਨੂੰ ਪਛਾਣ ਸਕਦੇ ਹਨ, ਜੋ ਕਿ ਉਨ੍ਹਾਂ ਨੂੰ ਅੱਗੇ ਵਧਣ ਅਤੇ ਅਧਿਕਾਰੀ ਸਿੱਖਿਆ ਹਾਸਲ ਕਰਨ ਲਈ ਤਿਆਰ ਕਰਨ ਵਿੱਚ ਮਦਦ ਕਰੇਗੀ। ਸੁੱਖਵਿੰਦਰ ਸਿੰਘ ਨੇ ਵੱਖ-ਵੱਖ ਅਕਾਦਮਿਕ ਅਤੇ ਗੈਰ-ਅਕਾਦਮਿਕ ਮੁੱਦਿਆਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਨੇ ਸਕੂਲ ਦੀਆਂ ਕਲਾਸਾਂ ਵਿੱਚ ਵੀ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਮਿਹਨਤ ਨਾਲ ਪੜ੍ਹਨ ਅਤੇ ਆਪਣੇ ਮਕਸਦ ਨੂੰ ਹਾਸਲ ਕਰਨ ਲਈ ਪ੍ਰੇਰਿਤ ਕੀਤਾ।

ਗੁ: ਸਿੰਘ ਸ਼ਹੀਦਾਂ ਸੋਹਾਣਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨਤਾਈ ਦਿਵਸ ਮਨਾਇਆ

ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)— ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਜੁਗੋ ਜੁਗ ਅਟਲ, ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨਤਾਈ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ ਵਿੱਚ ਭਾਈ ਜਸਵੰਤ ਸਿੰਘ ਬੈਂਸ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ 1706 ਈ. ਨੂੰ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਗੁਰੂ ਕੀ ਕਾਂਸ਼ੀ -ਸਾਬੋ ਕੀ ਤਲਵੰਡੀ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕਰਵਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕਰਵਾਉਣ ਦੇ ਪ੍ਰਸੰਗ ਨੂੰ ਸੰਗਤਾਂ ਨੂੰ ਵਿਸਥਾਰ ਸਹਿਤ ਸਰਵਣ ਕਰਵਾਇਆ। ਭਾਈ ਓਂਕਾਰ ਸਿੰਘ ਦੇ ਰਾਗੀ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਭਾਈ ਸੰਦੀਪ ਸਿੰਘ ਸ਼੍ਰੋਮਣੀ ਪ੍ਰਚਾਰਕ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਦਰਜ ਧੁਰ ਕੀ ਇਲਾਹੀ ਬਾਣੀ ਬਾਰੇ ਸੰਗਤਾਂ ਨੂੰ ਵਿਸਥਾਰ ਸਹਿਤ ਜਾਣੂ ਕਰਵਾਇਆ। ਇਸ ਤੋਂ ਇਲਾਵਾ ਬੀਬੀ ਸੁਰਿੰਦਰ ਕੌਰ, ਸ਼੍ਰੋਮਣੀ ਪ੍ਰਚਾਰਕ ਭਾਈ ਹਰਜੀਤ ਸਿੰਘ, ਸ਼੍ਰੋਮਣੀ ਪ੍ਰਚਾਰਕ ਭਾਈ ਤਰਲੋਚਨ ਸਿੰਘ ਜੀ , ਭਾਈ ਲਖਵਿੰਦਰ ਸਿੰਘ ,ਭਾਈ ਹਰਪ੍ਰੀਤ ਸਿੰਘ, ਭਾਈ ਮਹਿੰਦਰਪਾਲ ਸਿੰਘ, ਕਵੀਸ਼ਰ ਸੁਰਜੀਤ ਸਿੰਘ, ਅਕਾਲ ਕਵੀਸ਼ਰੀ ਜੱਥਾ, ਭਾਈ ਹਰਜਿੰਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਸੁਰਿੰਦਰ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵੀਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ ।

ਸੀਵਰੇਜ ਦੇ ਗੰਦੇ ਪਾਣੀ ਨੇ ਧਾਰਿਆ ਛੱਪੜ ਦਾ ਰੂਪ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਡੀ. ਐਮ. ਸੀਨੀਅਰ ਸੈਕੰਡਰੀ ਸਕੂਲ ਤੇ ਨਾਲ ਪੈਂਦੇ ਸਤਲੁਜ ਹਸਪਤਾਲ ਤੇ ਲਾਈਫ਼ ਲਾਈਨ ਕਲੀਨਿਕ ਨੂੰ ਵਾਲੀ ਸੜਕ ਉੱਪਰ ਸੀਵਰੇਜ ਦੇ ਪਾਣੀ ਦਾ ਨਿਕਾਸ ਨਾ ਹੋਣ ਕਰ ਕੇ ਸਕੂਲ ਤੇ ਹਸਪਤਾਲ ਨੂੰ ਜਾਣ ਵਾਲਿਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਸਕੂਲ ਦੇ ਕੋਆਰਡੀਨੇਟਰ ਰਾਜਵਿੰਦਰ ਸਿੰਘ, ਸੁਰਿੰਦਰ ਸਿੰਘ, ਰਾਜ ਰਾਣੀ, ਜਰੀਨਾ, ਕੁਲਵਿੰਦਰ ਸਿੰਘ, ਸੰਦੀਪ ਸਿੰਘ, ਜਸਵੀਰ ਸਿੰਘ ਆਦਿ ਨੇ ਦੱਸਿਆ ਕਿ ਇਸ ਸੜਕ ਉੱਪਰ ਆਪ ਬਣਾਈਆਂ ਹੋਜੀਆਂ ਤੇ ਪਾਈਪ ਛੋਟੇ ਹੋਣ ਕਰ ਕੇ ਇਸ ਪਾਣੀ ਦਾ ਢੁੱਕਵਾਂ ਨਿਕਾਸ ਨਾ ਹੋਣ ਕਰ ਕੇ, ਇਹ ਪਾਣੀ ਇਸ ਸੜਕ ਉੱਪਰ ਖੜ੍ਹਾ ਰਹਿੰਦਾ ਹੈ ਤੇ ਅੱਗੇ ਇਕ ਪਲਾਟ ਵਿਚ ਲਗਾਤਾਰ ਪਾਣੀ ਪੈਣ ਨਾਲ ਉਸ ਨੇ ਛੱਪੜ ਦਾ ਰੂਪ ਧਾਰ ਲਿਆ ਹੈ । ਜਿਸ ਕਰ ਕੇ ਇਸ ਸੜਕ ਉੱਪਰ ਛੋਟੇ ਬੱਚਿਆਂ ਤੇ ਬਜ਼ੁਰਗਾਂ ਦਾ ਲੰਘਣਾ ਵੀ ਬਹੁਤ ਮੁਸ਼ਕਿਲ ਹੈ । ਸਕੂਲ ਵਿਚ ਪੜ੍ਹਦੇ ਬੱਚਿਆਂ ਨੂੰ ਇਸ ਖੜੇ ਗੰਦੇ ਪਾਣੀ ਨਾਲ ਬਰਸਾਤ ਦੇ ਮੌਸਮ ਵਿਚ ਕਦੀ ਵੀ ਭਿਆਨਕ ਬਿਮਾਰੀਆਂ ਆਪਣੀ ਲਪੇਟ ਵਿਚ ਲੈ ਸਕਦੀਆਂ ਹਨ, ਇਸ ਕਰ ਕੇ ਇਲਾਕੇ ਦੀਆ ਪ੍ਰਮੁੱਖ ਸ਼ਖ਼ਸੀਅਤਾਂ ਨੇ ਜ਼ਿਲ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ, ਕਿ ਇਸ ਸੜਕ ਉੱਪਰ ਜਲਦੀ ਤੋ ਜਲਦੀ ਸੀਵਰੇਜ ਪੁਆਇਆ ਜਾਵੇ ।

ਇਪਟਾ ਨੇ 'ਸੱਭਿਆਚਾਰਕ ਪ੍ਰਦੂਸ਼ਣ' ਮਸਲਾ ਉਭਾਰਨ ਲਈ ਲਿਖਿਆ ਪੱਤਰ

ਚੰਡੀਗੜ੍ਹ (ਗੁਰਜੀਤ ਬਿੱਲਾ)—ਇਪਟਾ, ਪੰਜਾਬ ਨੇ 2 ਸਤੰਬਰ ਤੋਂ 4 ਸਤੰਬਰ ਤੱਕ ਚੱਲਣ ਵਾਲੇ ਵਿਧਾਨ ਸਭਾ ਸੈਸ਼ਨ ਦੌਰਾਨ ਸਮਾਜ ਅਤੇ ਨੌਜਵਾਨੀ ਲਈ ਨੁਕਸਾਨਦੇਹ 'ਸਭਿਆਚਾਰਕ ਪ੍ਰਦੂਸ਼ਣ' ਵਰਗਾ ਗੰਭੀਰ ਮਸਲਾ ਉਭਾਰਨ ਲਈ ਸ੍ਰੀਮਤੀ ਅਨਮੋਲ ਗਗਨ ਮਾਨ, ਮੰਤਰੀ ਸਭਿਆਚਾਰਕ ਮੰਤਰਾਲਾ (ਪੰਜਾਬ, ਅਮਨ ਅਰੋੜਾ (ਮੰਤਰੀ, ਸੂਚਨਾ ਤੇ ਲੋਕ ਸੰਪਰਕ ਮੰਤਰਾਲਾ, ਪੰਜਾਬ), ਪ੍ਰਗਟ ਸਿੰਘ, (ਵਿਧਾਇਕ ਹਲਕਾ, ਜਲੰਧਰ, ਕੈਂਟ), ਗੁਰਪ੍ਰੀਤ ਸਿੰਘ ਗੋਗੀ (ਵਿਧ

31-AUG-PAGE-10.qxd 8/30/2024 10:24 PM Page 1

ਵਿਧਾਇਕ ਦਿਆਲਪੁਰਾ ਦੀ ਅਗਵਾਈ ਹੇਠ ਸਾਂਝਾ ਵਫ਼ਦ ਐੱਸ ਐੱਸ ਪੀ ਨੂੰ ਮਿਲਿਆ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੀ ਅਗਵਾਈ ਹੇਠ ਇੱਕ ਸਾਂਝਾ ਵਫ਼ਦ ਇਤਿਹਾਸਕ ਗੁਰਦੁਆਰਾ ਸ੍ਰੀ ਗਨੀ ਖਾਂ ਨਬੀ ਖਾਂ ਸਾਹਿਬ ਵਿਖੇ ਹੋਏ ਕਰੋੜਾਂ ਰੁਪਏ ਦੇ ਫੰਡਾਂ ਦੇ ਪੈ ਰਹੇ ਰੌਲੇ ਸਬੰਧੀ ਵਿਅਕਤੀਆਂ 'ਤੇ ਕਾਰਵਾਈ ਕਰਵਾਉਣ ਲਈ ਪੁਲਸ ਜ਼ਿਲ੍ਹਾ ਖੰਨਾ ਦੀ ਐੱਸ.ਐੱਸ.ਪੀ. ਅਸ਼ਵਨੀ ਗੋਟਿਆਲ ਨੂੰ ਮਿਲਿਆ। ਵਿਧਾਇਕ ਦਿਆਲਪੁਰਾ ਨੇ ਦੱਸਿਆ ਕਿ ਇਤਿਹਾਸਕ ਗੁਰਦੁਆਰਾ ਸ੍ਰੀ ਗਨੀ ਖਾਂ ਨਬੀ ਖਾਂ ਸਾਹਿਬ, ਜੋ ਕਿ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ, ਜਿੱਥੇ ਇਲਾਕੇ ਤੋਂ ਇਲਾਵਾ ਦੇਸ਼ਾਂ-ਵਿਦੇਸ਼ਾਂ ਤੋਂ ਵੀ ਸੰਗਤ ਸ਼ਰਧਾ ਨਾਲ ਨਤਮਸਤਕ ਹੋਣ ਆਉਂਦੀ ਹੈ ਅਤੇ ਆਪਣੀ ਸ਼ਰਧਾ ਅਨੁਸਾਰ ਚੜ੍ਹਾਵਾ ਚੜ੍ਹਾਉਂਦੇ ਹਨ। ਉਨ੍ਹਾਂ ਕਿਹਾ ਕਿ ਸੰਗਤ ਵੱਲੋਂ ਚੜ੍ਹਾਏ ਗਏ ਚੜ੍ਹਾਵੇ ਦੇ ਕਰੋੜਾਂ ਰੁਪਏ ਇਕੱਠੇ ਹੋਏ ਜੋ ਕਿ ਬੈਂਕ ਖਾਤੇ ਵਿੱਚ ਜਮ੍ਹਾਂ ਸਨ। ਉਨ੍ਹਾਂ ਦੱਸਿਆ ਕਿ ਇਲਾਕੇ ਦੀ ਸੰਗਤ ਤੋਂ ਇਲਾਵਾ ਧਾਰਮਿਕ ਤੇ ਸਮਾਜ ਸੇਵੀ ਜਥੇਬੰਦੀਆਂ ਨੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਕਿ ਗੁਰੂ ਘਰ ਦੇ ਇਕੱਤਰ ਹੋਏ ਕਰੋੜਾਂ ਰੁਪਏ ਵਿੱਚ ਕੁਝ ਵਿਅਕਤੀਆਂ ਵੱਲੋਂ ਘਪਲਾ ਕੀਤਾ ਗਿਆ, ਜਿਸ ਦੀ ਜਾਂਚ ਹੋਣੀ ਜ਼ਰੂਰੀ ਹੈ। ਵਿਧਾਇਕ ਦਿਆਲਪੁਰਾ ਨੇ ਦੱਸਿਆ ਕਿ ਅੱਜ ਇੱਕ ਸਾਂਝਾ ਵਫ਼ਦ ਪੁਲਸ ਜ਼ਿਲ੍ਹਾ ਖੰਨਾ ਦੇ ਐੱਸ.ਐੱਸ.ਪੀ. ਨੂੰ ਮਿਲਿਆ ਕਿ ਪੁਲਸ ਕੋਲ ਇਸ ਗਬਨ ਸਬੰਧੀ ਜੋ ਸ਼ਿਕਾਇਤਾਂ ਆਈਆਂ ਹਨ, ਉਸ ਦੀ ਨਿਰਪੱਖਤਾ ਨਾਲ ਜਾਂਚ ਹੋਵੇ ਅਤੇ ਜਿਨ੍ਹਾਂ ਨੇ ਵੀ ਗੁਰੂ ਘਰ ਦੀ ਗੋਲਕ ਦਾ ਪੈਸਾ ਖਾਧਾ ਹੈ, ਉਨ੍ਹਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

ਇਸ ਮੌਕੇ ਵਫ਼ਦ 'ਚ ਜਥੇਦਾਰ ਮਨਮੋਹਣ ਸਿੰਘ ਖੇੜਾ, ਬਲਵੀਰ ਸਿੰਘ ਮਾਨ, ਮੋਹਿਤ ਕੁੰਦਰਾ, ਸੁਖਵਿੰਦਰ ਸਿੰਘ ਗਿੱਲ, ਜਸਪਾਲ ਸਿੰਘ ਜੱਜ, ਗੁਰਨਾਮ ਸਿੰਘ ਖਾਲਸਾ, ਬਾਬਾ ਹਰੀ ਸਿੰਘ, ਹਰਦੀਪ ਸਿੰਘ ਝੱਜ, ਜਸਵਿੰਦਰ ਸਿੰਘ ਬੈਨੀਪਾਲ, ਜਗਮੀਤ ਸਿੰਘ ਮੱਕੜ, ਗੁਰਨਾਮ ਸਿੰਘ ਧਨੌਰ, ਪ੍ਰਵੀਨ ਮੱਕੜ, ਨਵਤੇਜ ਸਿੰਘ ਉਟਾਲਾਂ ਆਦਿ ਮੌਜੂਦ ਸਨ।

ਕਿਸਾਨ ਮੰਗਾਂ ਮਨਵਾ ਕੇ ਹੀ ਦਮ ਲੈਣਗੇ : ਲਖਵੀਰ ਦੌਧਰ

ਅਜੀਤਵਾਲ (ਨਛੱਤਰ ਸੰਧੂ)-ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਗੁ: ਨਾਨਕਸਰ ਨਹਿਰ ਵਾਲਾ ਬੱਧਣੀ ਵਿਖੇ ਜ਼ਿਲ੍ਹਾ ਆਗੂ ਰਾਜੂ ਪੱਤੋ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੂਬਾ ਆਗੂ ਲਖਵੀਰ ਸਿੰਘ ਦੌਧਰ ਉਚੇਚੇ ਹਾਜ਼ਰ ਹੋਏ। ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਉਨ੍ਹਾ ਕਿਹਾ ਕਿ 13 ਫਰਵਰੀ ਤੋਂ ਸ਼ੁਰੂ ਕੀਤੇ ਦਿੱਲੀ ਕੂਚ ਅੰਦੋਲਨ ਨੂੰ ਹਰਿਆਣਾ ਦੀ ਹੱਦ 'ਤੇ ਰੋਕੇ ਨੂੰ ਅੱਜ 199 ਦਿਨ ਹੋ ਗਏ ਹਨ।ਕੇਂਦਰ ਸਰਕਾਰ ਨਾਲ ਚਾਰ ਦੌਰ ਦੀ ਮੀਟਿੰਗ ਬੇਸਿੱਟਾ ਰਹੀ ਹੈ।ਫੌਜੀ ਕਾਰਵਾਈ ਦੌਰਾਨ ਸ਼ੁਭਕਰਨ ਸਮੇਤ ਦਰਜਨਾਂ ਕਿਸਾਨ ਸ਼ਹੀਦ ਅਤੇ ਸੈਂਕੜੇ 80 ਫ਼ੀਸਦੀ ਨਕਾਰਾ ਹੋ ਗਏ, ਇਸ ਦੇ ਬਾਵਜੂਦ ਮੋਰਚਾ ਹਰ ਸਰਕਾਰੀ ਜਬਰ ਝੱਲਣ ਲਈ ਮਾਨਸਿਕ ਤੇ ਸਰੀਰਕ ਤੌਰ 'ਤੇ ਤਿਆਰ ਹੈ, ਪਰ ਐੱਮ ਐੱਸ ਪੀ ਦਾ ਗਾਰੰਟੀ ਕਾਨੂੰਨ, ਬਿਜਲੀ ਬਿੱਲ 2020, ਕਿਸਾਨ ਮਜ਼ਦੂਰ ਦਾ ਮੁਕੰਮਲ ਕਰਜ਼ਾ ਖ਼ਤਮ, ਵਿਸ਼ਵ ਵਪਾਰ ਸੰਸਥਾ ਦੇ ਸਮਝੌਤੇ ਰੱਦ ਕਰਵਾਏ ਬਿਨਾਂ ਪਿੱਛੇ ਹਟਣਾ ਗਵਾਰਾ ਨਹੀਂ ਹੈ।ਮੋਰਚੇ ਦੇ ਤਿਆਰੀਆਂ ਸਬੰਧੀ ਅੱਜ ਦੀ ਹੰਗਾਮੀ ਮੀਟਿੰਗ ਕੀਤੀ ਗਈ ਹੈ।31 ਅਗਸਤ ਨੂੰ ਕਿਸਾਨੀ ਸੰਘਰਸ਼ ਦੇ 200 ਦਿਨ ਪੂਰੇ ਹੋਣ 'ਤੇ ਵੱਡੇ ਇਕੱਠ ਕੀਤੇ ਜਾਣਗੇ। ਇਸ ਮੌਕੇ ਜ਼ਿਲ੍ਹਾ ਆਗ ਸੁਖਜੀਤ ਸਿੰਘ ਦੌਧਰ, ਤੋਤਾ ਸਿੰਘ, ਗੋਰਾ, ਜਗਦੇਵ ਸਿੰਘ ਦੌਧਰ, ਅਮਰਜੀਤ ਸਿੰਘ ਲੋਪੋਂ, ਗੁਰਦੀਪ ਸਿੰਘ ਮੀਨੀਆ, ਸਰਜੀਤ ਸਿੰਘ ਭੋਲੂ, ਛਿੰਦਾ ਮੀਲੀਆ, ਬਲਜਿੰਦਰ ਸਿੰਘ, ਅਜਮੇਰ ਸਿੰਘ ਕਿਸ਼ਨਪੁਰਾ, ਪ੍ਰਦੀਪ, ਗਗਨਦੀਪ ਚਮਕੌਰ ਡਾਲਾ, ਗਿਆਨ ਸਿੰਘ ਬੁੱਟਰ ਸਮੇਤ ਹੋਰ ਆਗੂ ਹਾਜ਼ਰ ਸਨ।

ਮੋਟਰਸਾਈਕਲ ਚਾਲਕ ਦੀ ਸੜਕ ਹਾਦਸੇ 'ਚ ਮੌਤ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਬੀਤੀ ਰਾਤ ਪਿੰਡ ਰਾਈਆਂ ਕੋਲ ਵਾਪਰੇ ਸੜਕ ਹਾਦਸੇ ਵਿੱਚ ਮੋਟਰਸਾਈਕਲ ਚਾਲਕ ਜਸਦੇਵ ਸਿੰਘ ਵਾਸੀ ਇੰਦਰਾ ਕਾਲੋਨੀ, ਮਾਛੀਵਾੜਾ ਦੀ ਮੌਤ ਹੋ ਗਈ। ਕੂੰਮਕਲਾਂ ਪੁਲਸ ਨੂੰ ਮ੍ਰਿਤਕ ਦੇ ਵੱਡੇ ਭਰਾ ਪਵਨ ਕੁਮਾਰ ਨੇ ਬਿਆਨ ਦਰਜ ਕਰਵਾਉਂਦਿਆਂ ਦੱਸਿਆ ਕਿ ਉਸ ਦਾ ਛੋਟਾ ਭਰਾ ਢੰਡਾਰੀ ਖੁਰਦ ਵਿਖੇ ਇੱਕ ਫੈਕਟਰੀ ਵਿੱਚ ਕੰਮ ਕਰਦਾ ਸੀ, ਜਿਸ ਦਾ ਕੱਲ੍ਹ ਮੈਨੂੰ ਫੋਨ ਆਇਆ ਕਿ ਕੁਹਾੜਾ ਤੋਂ ਸਾਮਾਨ ਲੈ ਕੇ ਜਾਣਾ ਹੈ। ਮੇਰਾ ਭਰਾ ਫੈਕਟਰੀ ਤੋਂ ਛੁੱਟੀ ਕਰਕੇ ਆਪਣੇ ਮੋਟਰਸਾਈਕਲ ਰਾਹੀਂ ਘਰ ਨੂੰ ਜਾ ਰਿਹਾ ਸੀ, ਜਿਸ ਦੇ ਪਿੱਛੇ-ਪਿੱਛੇ ਮੈਂ ਛੋਟਾ ਹਾਥੀ ਲੈ ਕੇ ਆ ਰਿਹਾ ਸੀ। ਪਵਨ ਕੁਮਾਰ ਨੇ ਦੱਸਿਆ ਕਿ ਜਦੋਂ ਉਸ ਦਾ ਭਰਾ ਸਵਰਨ ਫੈਕਟਰੀ ਪਿੰਡ ਰਾਈਆਂ ਕੋਲ ਪੁੱਜਾ ਤਾਂ ਸਾਹਮਣੇ ਤੋਂ ਤੇਜ਼ ਤੇ ਲਾਪ੍ਰਵਾਹੀ ਨਾਲ ਕਾਰ ਚਲਾ ਰਹੇ ਨਾ-ਮਲੂਮ ਵਿਅਕਤੀ ਨੇ ਮੋਟਰਸਾਈਕਲ ਵਿੱਚ ਮਾਰੀ, ਜਿਸ ਕਾਰਨ ਮੇਰਾ ਭਰਾ ਸੜਕ 'ਤੇ ਗਿਰ ਗਿਆ। ਸੜਕ 'ਤੇ ਡਿੱਗਣ ਕਾਰਨ ਉਸ ਦੇ ਕਾਫ਼ੀ ਸੱਟਾਂ ਵੱਜੀਆਂ ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਕਾਰ ਚਾਲਕ ਹਨੇਰੇ ਦਾ ਫਾਇਦਾ ਉਠਾਉਂਦਾ ਹੋਇਆ ਕਾਰ ਛੱਡ ਕੇ ਫ਼ਰਾਰ ਹੋ ਗਿਆ। ਕੂੰਮਕਲਾਂ ਪੁਲਸ ਵੱਲੋਂ ਮ੍ਰਿਤਕ ਜਸਦੇਵ ਸਿੰਘ ਦੇ ਭਰਾ ਵੱਲੋਂ ਦਿੱਤੇ ਬਿਆਨਾਂ ਦੇ ਅਧਾਰ 'ਤੇ ਨਾ-ਮਾਲੂਮ ਕਾਰ ਚਾਲਕ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ।

'ਏਕ ਪੇੜ-ਮਾਂ ਕੇ ਨਾਮ' ਮੁਹਿੰਮ ਦਾ ਵਿਧਾਇਕ ਬਿਲਾਸਪੁਰ ਵੱਲੋਂ ਆਗਾਜ਼

ਮੋਗਾ (ਇਕਬਾਲ ਸਿੰਘ ਖਹਿਰਾ)-ਦਿਨੋਂ ਦਿਨ ਪਲੀਤ ਹੋ ਰਹੇ ਵਾਤਾਵਰਣ ਤੇ ਕੁਦਰਤੀ ਸਰੋਤਾਂ ਦੀ ਰੱਖਿਆ ਲਈ ਹਰੇਕ ਮਨੁੱਖ ਨੂੰ ਵੱਧ ਤੋਂ ਵੱਧ ਦਰੱਖਤ ਲਾ ਕੇ ਇਨ੍ਹਾਂ ਦੀ ਸਾਂਭ ਸੰਭਾਲ ਵੀ ਕਰਨੀ ਚਾਹੀਦੀ ਹੈ। ਰੁੱਖ ਸਾਡੇ ਸਭ ਤੋਂ ਚੰਗੇ ਦੋਸਤ ਹਨ, ਕਿਉਂਕਿ ਇਹ ਸਾਡੇ ਸਾਹ ਲੈਣ ਵਾਲੀ ਹਵਾ ਨੂੰ ਸਾਫ਼ ਕਰਦੇ ਹਨ। ਇਸੇ ਤਰ੍ਹਾਂ, ਉਹ ਪਾਣੀ ਅਤੇ ਮਿੱਟੀ ਨੂੰ ਵੀ ਸਾਫ਼ ਕਰਕੇ ਧਰਤੀ ਨੂੰ ਇੱਕ ਵਧੀਆ ਸਥਾਨ ਬਣਾਉਂਦੇ ਹਨ। ਇਹ ਵੀ ਇੱਕ ਤੱਥ ਹੈ ਕਿ ਜਿਹੜੇ ਲੋਕ ਰੁੱਖਾਂ ਦੇ ਨੇੜੇ ਰਹਿੰਦੇ ਹਨ, ਉਹ ਬਾਕੀ ਲੋਕਾਂ ਨਾਲੋਂ ਸਿਹਤਮੰਦ, ਤੰਦਰੁਸਤ ਅਤੇ ਖੁਸ਼ ਰਹਿੰਦੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਨਿਹਾਲ ਸਿੰਘ ਵਾਲਾ ਮਨਜੀਤ ਸਿੰਘ ਬਿਲਾਸਪੁਰ ਨੇ ਜ਼ਿਲ੍ਹਾ ਪੱਧਰੀ ?ਏਕ ਪੇੜ-ਮਾਂ ਕੇ ਨਾਮ ਮੁਹਿੰਮ ਦਾ ਆਗਾਜ਼ ਕਰਨ ਮੌਕੇ ਕੀਤਾ। ਇਹ ਮੁਹਿੰਮ ਭਾਰਤ ਸਰਕਾਰ ਵੱਲੋਂ 29 ਅਸਗਤ ਤੋਂ 30 ਸਤੰਬਰ ਤੱਕ ਚਲਾਈ ਜਾ ਰਹੀ ਹੈ। ਇਸ ਮੁਹਿੰਮ ਵਿੱਚ ਜ਼ਿਲ੍ਹਾ ਪ੍ਰਸ਼ਾਸ਼ਨ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ, ਪੰਚਾਇਤੀ ਰਾਜ ਵਿਭਾਗ, ਜੰਗਲਾਤ ਵਿਭਾਗ, ਬਾਗਬਾਨੀ ਵਿਭਾਗ ਤੇ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ। ਮੁਹਿੰਮ ਦੀ ਸ਼ੁਰੂਆਤ ਦੇ ਦਿਨ ਨਿਹਾਲ ਸਿੰਘ ਵਾਲਾ ਦੇ ਵੱਖ ਵੱਖ ਢੁਕਵੇਂ ਸਥਾਨਾਂ ਉਪਰ ਪੌਦੇ ਲਗਾਏ ਗਏ, ਜਿੱਥੇ ਕਿ ਇਨ੍ਹਾਂ ਦੀ ਸਾਂਭ ਸੰਭਾਲ ਵੀ ਚੰਗੇ ਤਰੀਕੇ ਨਾਲ ਕੀਤੀ ਜਾ ਸਕੇ। ਵਿਧਾਇਕ ਨੇ ਕਿਹਾ ਕਿ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਪੌਦਿਆਂ ਨੂੰ ਬਚਾ ਕੇ, ਅਸੀਂ ਪੌਦਿਆਂ 'ਤੇ ਨਹੀਂ ਬਲਕਿ ਆਪਣੇ ਆਪ 'ਤੇ ਹੀ ਉਪਕਾਰ ਕਰ ਰਹੇ ਹਾਂ, ਕਿਉਂਕਿ ਰੁੱਖਾਂ ਅਤੇ ਪੌਦਿਆਂ ਦੀ ਜ਼ਿੰਦਗੀ ਸਾਡੇ 'ਤੇ ਨਿਰਭਰ ਨਹੀਂ ਕਰਦੀ, ਬਲਕਿ ਸਾਡੀ ਜ਼ਿੰਦਗੀ ਉਨ੍ਹਾਂ 'ਤੇ ਨਿਰਭਰ ਕਰਦੀ ਹੈ। ਡਿਪਟੀ ਕਮਿਸ਼ਨਰ ਮੋਗਾ ਵਿਸ਼ੇਸ਼ ਸਾਰੰਗਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਇਸ ਮੁਹਿੰਮ ਦੌਰਾਨ ਪਿੰਡਾਂ ਵਿੱਚ ਬਣੇ ਵਾਟਰ ਵਰਕਸ, ਸੋਲਿਡ ਵੇਸਟ ਮੈਨੇਜਮੈਂਟ ਪਲਾਂਟ, ਲਿਕੁਅਡ ਵੇਸਟ ਮੈਨੇਜਮੈਂਟ ਪਲਾਂਟ, ਪਲਾਸਟਿਕ ਵੇਸਟ ਮੈਨੇਜਮੈਂਟ ਯੂਨਿਟ, ਗੋਬਰਧਨ ਪਲਾਂਟ ਤੇ ਸੀਵਰੇਜ ਟਰੀਟਮੈਂਟ ਪਲਾਂਟ ਆਦਿ ਥਾਂਵਾਂ 'ਤੇ ਬੂਟੇ ਲਾਉਣ ਦੀਆਂ ਗਤੀਵਿਧੀਆਂ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ ਵੱਖ-ਵੱਖ ਦਫਤਰਾਂ ਅਤੇ ਸੰਸਥਾਵਾਂ ਵਿੱਚ ਵੀ ਟੈਕਨੀਕਲ ਅਤੇ ਸ਼ੋਸ਼ਲ ਸਟਾਫ਼ ਵੱਲੋਂ ਪਿੰਡਾਂ ਵਿੱਚ ਗਤੀਵਿਧੀਆਂ ਕਰਦੇ ਹੋਏ ਬੂਟੇ ਲਾਏ ਜਾਣਗੇ।

ਮੁੱਖ ਮੰਤਰੀ ਵੱਲੋਂ ਸੂਬੇ ਭਰ 'ਚ ਜੰਗੀ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਜਾ ਰਹੇ : ਦੇਵ ਮਾਨ

■ ਹਲਕਾ ਵਿਧਾਇਕ ਨੇ ਲੋਕਾਂ ਦੀਆਂ ਸੁਣੀਆਂ ਮੁਸ਼ਕਲਾਂ

ਨਾਭਾ (ਵਰਿੰਦਰ ਵਰਮਾ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸੂਬੇ ਭਰ ਵਿੱਚ ਜੰਗੀ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਵਿਦੇਸ਼ ਤੋਂ ਵਾਪਸ ਆਉਣ ਤੋਂ ਬਾਅਦ ਪਿੰਡ ਤੇ ਸ਼ਹਿਰ ਵਾਸੀਆਂ ਨੇ ਆਪਣੀਆਂ ਮੁਸ਼ਕਲਾਂ ਨੂੰ ਲੈ ਕੇ ਉਨ੍ਹਾ ਨਾਲ ਮੁਲਾਕਾਤ ਕੀਤੀ ਅਤੇ ਮੌਕੇ 'ਤੇ ਹੀ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕੀਤਾ ਗਿਆ ਹੈ ਅਤੇ ਬਾਕੀ ਸਮੱਸਿਆਵਾਂ ਦੇ ਹੱਲ ਲਈ ਭਰੋਸਾ ਦਿੱਤਾ ਗਿਆ ਹੈ।ਦੇਵ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਜੀ ਦੇ ਆਦੇਸ਼ਾਂ ਮੁਤਾਬਿਕ ਕਿਸੇ ਵੀ ਹਲਕਾ ਵਾਸੀ ਨੂੰ ਜੇਕਰ ਕੋਈ ਸਮੱਸਿਆ ਆਉਂਦੀ ਹੈ ਤਾਂ ਉਸ ਦਾ ਹੱਲ ਮੌਕੇ 'ਤੇ ਹੀ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਆਪ ਪਾਰਟੀ ਦੇ ਸੁਪੀਰਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀਆਂ ਸਰਕਾਰਾਂ ਵੱਲੋਂ ਲੋਕ ਹਿੱਤ ਲਈ ਵਧੀਆ ਫੈਸਲੇ ਲਏ ਗਏ ਹਨ ਅਤੇ ਪਾਰਟੀ ਦਾ ਘੇਰਾ ਪੂਰੇ ਦੇਸ਼ ਅੰਦਰ ਵਿਸ਼ਾਲ ਹੋਇਆ ਹੈ।ਪੰਜਾਬ ਸਰਕਾਰ ਵੱਲੋਂ ਲੋਕ ਹਿੱਤ ਦੇ ਫੈਸਲਿਆਂ ਦਾ ਜ਼ਿਕਰ ਕਰਦਿਆਂ ਵਿਧਾਇਕ ਦੇਵ ਮਾਨ ਨੇ ਕਿਹਾ ਕਿ 600 ਯੂਨਿਟ ਬਿਜਲੀ ਦੇ ਮਾਫ ਕਰਨ ਨਾਲ ਕਰੀਬ 90 ਫੀਸਦ ਚੋਂ ਵੱਧ ਲੋਕਾਂ ਦੇ ਬਿੱਲ ਜ਼ੀਰੋ ਆਏ ਹਨ, ਜੋ ਲੋਕਾਂ ਲਈ ਬਹੁਤ ਵੱਡੀ ਆਰਥਿਕ ਰਾਹਤ ਵਾਲੀ ਗੱਲ ਹੈ।ਲੋਕਾਂ ਦੀਆਂ ਸਿਹਤ ਸਹੂਲਤਾਂ ਨੂੰ ਮੁੱਖ ਰੱਖਦਿਆਂ ਲੋਕਾਂ ਦੇ ਘਰਾਂ ਤੱਕ ਮੈਡੀਕਲ ਸੇਵਾਵਾਂ ਪੁੱਜਦਾ ਕਰਨ ਦੇ ਮੰਤਵ ਨਾਲ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ, ਜੋ ਸਫਲਤਾਪੂਰਵਕ ਚੱਲ ਰਹੇ ਹਨ।ਹਜ਼ਾਰਾਂ ਦੀ ਗਿਣਤੀ ਵਿੱਚ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਹਨ ਤੇ ਪਿਛਲੇ ਦਿਨਾਂ ਵਿੱਚ ਕੱਚੇ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕਰਕੇ ਉਨ੍ਹਾਂ ਦੀਆਂ ਤਨਖਾਹਾਂ ਡਬਲ ਕੀਤੀਆਂ ਗਈਆਂ ਹਨ।

ਉਨ੍ਹਾਂ ਕਿਹਾ ਕਿ ਲੋਕ ਭਲਾਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪੁੱਜਦਾ ਕੀਤਾ ਗਿਆ ਤੇ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਦੂਰ ਕੀਤੀਆਂ ਜਾ ਰਹੀਆਂ ਹਨ।ਇਸ ਤੋਂ ਇਲਾਵਾ ਹਰ ਵਰਗ ਦੇ ਹਿੱਤ ਵਿੱਚ ਵੱਡੇ ਫੈਸਲੇ ਲਏ ਗਏ ਹਨ ਤੇ ਵਿਕਾਸ ਕਾਰਜ ਤੇਜ਼ੀ ਨਾਲ ਕਰਵਾਏ ਜਾ ਰਹੇ ਹਨ।ਦੇਵ ਮਾਨ ਨੇ ਕਿਹਾ ਕਿ ਹਲਕਾ ਨਾਭਾ ਵਿਖੇ ਮੁੱਖ ਮੰਤਰੀ ਦੀ ਅਗਵਾਈ ਵਿੱਚ ਵਿਕਾਸ ਕਾਰਜ ਵੱਡੇ ਪੱਧਰ 'ਤੇ ਕਰਵਾਏ ਜਾ ਰਹੇ ਹਨ ਅਤੇ ਰਹਿੰਦੇ ਵਿਕਾਸ ਕਾਰਜ ਬਹੁਤ ਜਲਦੀ ਪੂਰੇ ਕੀਤੇ ਜਾਣਗੇ।ਇਸ ਮੌਕੇ ਟਰੇਡ ਵਿੰਗ ਦੇ ਜੁਆਇੰਟ ਸਕੱਤਰ ਪੰਜਾਬ ਅਜੇ ਜਿੰਦਲ, ਤਜਿੰਦਰ ਖਹਿਰਾ, ਗੁਰਪ੍ਰੀਤ ਸਿੰਘ ਗੋਪੀ, ਜਸਵੀਰ ਸਿੰਘ ਛਿੰਦਾ, ਮਨਪ੍ਰੀਤ ਸਿੰਘ ਕਾਲੀਆ, ਭੁਪਿੰਦਰ ਸਿੰਘ ਕਲਰ ਮਾਜਰੀ ਆਦਿ ਹਾਜ਼ਰ ਸਨ।

ਐੱਨ ਡੀ ਆਰ ਐੱਫ ਵੱਲੋਂ ਸਰਕਾਰੀ ਸਕੂਲ ਖੰਡੇਬਾਦ ਵਿਖੇ ਮੌਕ ਡਰਿੱਲ

ਲਹਿਰਾਗਾਗਾ (ਪਵਨ ਸ਼ਰਮਾ)-7ਵੀਂ ਬਟਾਲੀਅਨ ਨੈਸ਼ਨਲ ਡਿਜਾਸਟਰ ਰਿਸਪਾਂਸ ਫੋਰਸ (ਐੱਨ ਡੀ ਆਰ ਐੱਫ) ਬਠਿੰਡਾ ਵੱਲੋਂ ਸਰਕਾਰੀ ਹਾਈ ਸਕੂਲ ਖੰਡੇਬਾਦ ਵਿੱਚ ਜੀਵਨ ਬਚਾਓ ਹੁਨਰਾਂ ਦਾ ਵਿਸ਼ਾਲ ਪ੍ਰਦਰਸ਼ਨ ਕਰਦੇ ਹੋਏ ਮੌਕ ਡਰਿੱਲ ਦਾ ਆਯੋਜਨ ਕੀਤਾ ਗਿਆ।ਇਸ ਦਾ ਮਕਸਦ ਵਿਦਿਆਰਥੀਆਂ ਨੂੰ ਕੁਦਰਤੀ ਆਫਤਾਂ ਤੋਂ ਬਚਾਅ ਤੇ ਸੰਕਟਮਈ ਹਾਲਤਾਂ ਵਿੱਚ ਪ੍ਰਤਿਕਿਰਿਆ ਦੇਣ ਬਾਰੇ ਸਿੱਖਅਤ ਕਰਨਾ ਸੀ।ਇਸ ਪ੍ਰਦਰਸ਼ਨ ਦੀ ਅਗਵਾਈ ਅਸਿਸਟੈਂਟ ਕਮਾਂਡੈਂਟ ਦੇਵਿੰਦਰ ਤੇ ਇੰਸਪੈਕਟਰ ਯਸ਼ਵੀਰ ਤੰਵਰ ਨੇ ਕੀਤੀ, ਜਿਨ੍ਹਾਂ ਦੇ ਨਾਲ ਹੋਰ ਐੱਨ ਡੀ ਆਰ ਐੱਫ ਟੀਮ ਮੈਂਬਰ ਵੀ ਸ਼ਾਮਲ ਸਨ।ਮੌਕ ਡਰਿੱਲ ਦੌਰਾਨ ਐੱਨ ਡੀ ਆਰ ਐੱਫ ਟੀਮ ਨੇ ਵਿਦਿਆਰਥੀਆਂ ਨੂੰ

31-Aug-PAGE-11-Majha-24.qxd 8/30/2024 10:59 PM Page 1

ਆਰ ਐੱਮ ਪੀ ਆਈ ਵੱਲੋਂ 13 ਸਤੰਬਰ ਨੂੰ ਹੋਵੇਗਾ ਭੁੱਲਰ ਦੇ ਘਰ ਦਾ ਘਿਰਾਓ: ਦਰਾਜਕੇ

ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ. ਐੱਮ. ਪੀ. ਆਈ.) ਵੱਲੋਂ ਪਿੰਡ ਬਾਸਰਕੇ ਵਿਖੇ ਮਜ਼ਦੂਰਾਂ, ਕਿਸਾਨਾਂ ਤੇ ਔਰਤਾਂ ਦੀ ਭਰਵੀਂ ਮੀਟਿੰਗ ਕੀਤੀ ਗਈ।ਮੀਟਿੰਗ ਦੀ ਪ੍ਰਧਾਨਗੀ ਗੁਰਬੀਰ ਸਿੰਘ ਭੱਟੀ ਰਾਜੋਕੇ ਨੇ ਕੀਤੀ।ਮੀਟਿੰਗ ਨੂੰ ਸੰਬੋਧਨ ਕਰਦਿਆਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ ਨੇ ਕਿਹਾ ਕਿ ਪਾਰਟੀ ਦੀ ਸੂਬਾ ਕਮੇਟੀ ਦੇ ਸੱਦੇ 'ਤੇ 13 ਸਤੰਬਰ ਨੂੰ ਮੰਤਰੀ ਲਾਲਜੀਤ ਭੁੱਲਰ ਦੇ ਘਰ ਦਾ ਜ਼ਬਰਦਸਤ ਘਿਰਾਓ ਕੀਤਾ ਜਾਵੇਗਾ ਜਿਸ ਦੀਆਂ ਤਿਆਰੀਆਂ ਤਹਿਸੀਲ ਭਿੱਖੀਵਿੰਡ ਦੇ ਅੰਦਰ ਪੂਰੇ ਜ਼ੋਰਾਂ ਨਾਲ ਚੱਲ ਰਹੀਆਂ ਹਨ।ਇਨ੍ਹਾਂ ਆਗੂਆਂ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਪੰਜਾਬ ਵਿੱਚੋਂ ਵਿਕਦਾ ਨਸ਼ਾ ਮੁਕੰਮਲ ਤੌਰ 'ਤੇ ਬੰਦ ਕੀਤਾ ਜਾਵੇ, ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਾ ਪ੍ਰਬੰਧ ਕਰ ਕੇ ਦਿੱਤਾ ਜਾਵੇ, ਲੁੱਟਾਂ-ਖੋਹਾਂ, ਕਤਲੋਗਾਰਤ ਅਤੇ ਗੈਂਗਸਟਰਵਾਦ ਨੂੰ ਮੁਕੰਮਲ ਤੌਰ ਤੇ ਬੰਦ ਕੀਤਾ ਜਾਵੇ, ਬੁਢਾਪਾ, ਵਿਧਵਾ, ਅੰਗਹੀਣ ਪੈਨਸ਼ਨ ਘੱਟੋ-ਘੱਟ 5 ਹਜ਼ਾਰ ਰੁਪਏ ਕੀਤੀ ਜਾਵੇ, ਸਿਹਤ ਸੇਵਾਵਾਂ ਵੱਲ ਧਿਆਨ ਦਿੱਤਾ ਜਾਵੇ, ਪੰਚਾਇਤੀ ਜ਼ਮੀਨਾਂ ਵਿੱਚੋਂ ਦਸ-ਦਸ ਮਰਲੇ ਦੇ ਪਲਾਟ ਅਲਾਟ ਕਰ ਕੇ ਦਿੱਤੇ ਜਾਣ।ਇਨ੍ਹਾਂ ਆਗੂਆਂ ਨੇ ਕਿਸਾਨਾਂ, ਮਜ਼ਦੂਰਾਂ ਅਤੇ ਹਰ ਵਰਗ ਨੂੰ ਅਪੀਲ ਕਰਦਿਆਂ ਕਿਹਾ ਕਿ 13 ਸਤੰਬਰ ਨੂੰ ਕੈਬਨਿਟ ਮੰਤਰੀ ਲਾਲਜੀਤ ਭੁੱਲਰ ਦੇ ਘਰ ਦੇ ਹੋ ਰਹੇ ਘਿਰਾਓ ਨੂੰ ਸਫ਼ਲ ਬਣਾਇਆ ਜਾਵੇ ਤਾਂ ਜੋ ਪੰਜਾਬ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦਾ ਮੁਕਾਬਲਾ ਕੀਤਾ ਜਾਵੇ।ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਜਸਵੰਤ ਸਿੰਘ ਭਿੱਖੀਵਿੰਡ, ਸੇਵਕ ਸਿੰਘ ਬਾਸਰਕੇ, ਜਸਵੰਤ ਸਿੰਘ ਠੇਕੇਦਾਰ ਆਦਿ ਆਗੂ ਹਾਜ਼ਰ ਸਨ।

ਟਿੱਪਰ 'ਚ ਮੋਟਰਸਾਈਕਲ ਵੱਜਣ ਨਾਲ ਵਿਅਕਤੀ ਦੀ ਮੌਤ, ਇਕ ਗੰਭੀਰ ਜ਼ਖਮੀ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਅੰਮ੍ਰਿਤਸਰ ਝਬਾਲ ਰੋਡ ਮੋੜ ਬੀੜ ਬਾਬਾ ਬੁੱਢਾ ਸਾਹਿਬ ਸੜਕ ਨੇੜੇ ਬੱਸ ਅੱਡਾ ਵਿਖੇ ਇਕ ਬੱਜਰੀ ਨਾਲ ਲੱਦੇ ਟਰੱਕ (ਟਿੱਪਰ) ਵਿੱਚ ਇਕ ਮੋਟਰਸਾਈਕਲ ਜਿਸ ਤੇ ਦੋ ਵਿਅਕਤੀ ਸਵਾਰ ਸਨ, ਇੰਨੀ ਜ਼ੋਰ ਨਾਲ ਵੱਜਾ ਕਿ ਮੋਟਰਸਾਈਕਲ ਸਵਾਰ ਇਕ ਵਿਅਕਤੀ ਦੀ ਮੌਕੇ 'ਤੇ ਮੌਤ ਹੋ ਗਈ ਜਦੋਂਕਿ ਦੂਸਰੇ ਦੇ ਗੰਭੀਰ ਜ਼ਖਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਇੱਕ ਹੀਰੋ ਹਾਂਡੇ ਮੋਟਰਸਾਈਕਲ ਜਿਸ 'ਤੇ ਦੋ ਵਿਅਕਤੀ ਅਜੂਬਾ ਸਿੰਘ ਪੁੱਤਰ ਸਰੈਣ ਸਿੰਘ ਅਤੇ ਬੀਰ ਸਿੰਘ ਪੁੱਤਰ ਅਰੂੜ ਸਿੰਘ ਵਾਸੀ ਭੈਣੀ ਰਾਜਪੂਤਾਂ ਸਵਾਰ ਸਨ। ਅੱਡਾ ਝਬਾਲ ਵਿਖੇ ਇਕਦਮ ਅੰਮ੍ਰਿਤਸਰ ਝਬਾਲ ਰੋਡ 'ਤੇ ਚੜ੍ਹੇ ਤਾਂ ਅੰਮ੍ਰਿਤਸਰ ਸਾਈਡ ਤੋਂ ਆ ਰਹੇ ਇੱਕ ਬੱਜਰੀ ਨਾਲ ਭਰੇ ਟਿੱਪਰ ਵਿੱਚ ਜਾ ਵੱਜੇ ਜਿਸ ਨਾਲ ਅਜੂਬਾ ਸਿੰਘ ਪੁੱਤਰ ਸਰੈਣ ਸਿੰਘ ਵਾਸੀ ਭੈਣੀ ਰਾਜਪੂਤਾਂ ਦੀ ਮੌਕੇ 'ਤੇ ਮੌਤ ਹੋ ਗਈ ਜਦੋਂਕਿ ਬੀਰ ਸਿੰਘ ਪੁੱਤਰ ਅਰੂੜ ਸਿੰਘ ਵਾਸੀ ਭੈਣੀ ਰਾਜਪੂਤਾਂ ਗੰਭੀਰ ਜ਼ਖਮੀ ਹੋ ਗਿਆ ਜਿਸਨੂੰ ਇਲਾਜ ਲਈ ਹਸਪਤਾਲ ਦਾਖਲ ਕਰਾਇਆ ਗਿਆ ।ਘਟਨਾ ਦਾ ਪਤਾ ਚੱਲਣ 'ਤੇ ਥਾਣਾ ਝਬਾਲ ਤੋਂ ਪੁਲਸ ਪਾਰਟੀ ਮੌਕੇ 'ਤੇ ਪਹੁੰਚ ਗਈ ਜਿਨ੍ਹਾਂ ਨੇ ਮ੍ਰਿਤਕ ਵਿਅਕਤੀ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਕਾਨੂੰਨੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਚੀਫ ਇੰਜੀਨੀਅਰ ਬਾਰਡਰ ਜ਼ੋਨ ਦੇ ਦਫਤਰ ਦੀ ਈਟੀਓ ਨੇ ਕੀਤੀ ਅਚਨਚੇਤ ਚੈਕਿੰਗ

ਅੰਮ੍ਰਿਤਸਰ,(ਨਰਿੰਦਰਜੀਤ ਸਿੰਘ)-ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਸਥਾਨਕ ਪੀਐੱਸਪੀਸੀਐੱਲ ਦੇ ਚੀਫ ਇੰਜੀਨੀਅਰ ਬਾਰਡਰ ਜ਼ੋਨ ਦਫਤਰ ਦੀ ਚੈਕਿੰਗ ਕੀਤੀ ਅਤੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਹਾਜ਼ਰੀ ਚੈੱਕ ਕਰਦੇ ਹੋਏ ਕੰਮ ਕਰਵਾਉਣ ਆਏ ਖਪਤਕਾਰਾਂ ਨਾਲ ਵੀ ਗੱਲਬਾਤ ਕੀਤੀ।ਉਨ੍ਹਾਂ ਲੋਕਾਂ ਦੇ ਕੋਲੋਂ ਵਿਭਾਗ ਦੇ ਕੰਮ ਕਾਜ ਬਾਰੇ ਵੀ ਵਿਚਾਰਾਂ ਲਈਆਂ ਅਤੇ ਉਨ੍ਹਾਂ ਦੀ ਗੱਲਬਾਤ ਨੂੰ ਸੁਣਿਆ।ਇਸ ਮੌਕੇ ਬਿਜਲੀ ਮੰਤਰੀ ਹਰਭਜਨ ਸਿੰਘ ਨੇ ਹਾਜ਼ਰ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਮੁਸ਼ਕਲਾਂ ਨੂੰ ਵੀ ਗਊ ਨਾਲ ਸੁਣਿਆ ਅਤੇ ਗਰਮੀ ਦੇ ਸੀਜਨ ਵਿੱਚ ਬਿਜਲੀ ਵਿਭਾਗ ਵੱਲੋਂ ਵਿਖਾਈ ਗਈ ਬੇਹਤਰ ਕਾਰਗੁਜ਼ਾਰੀ ਲਈ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਸ ਵਾਰ ਰਿਕਾਰਡ ਸਪਲਾਈ ਵਿਭਾਗ ਨੇ ਨਿਰਵਿਘਨ ਦਿੱਤੀ ਹੈ।ਬਿਜਲੀ ਮੰਤਰੀ ਨੇ ਦੱਸਿਆ ਕਿ ਇਸ ਸਾਲ ਪੀਐੱਸਪੀਸੀਐੱਲ ਨੇ 16 ਜੁਲਾਈ ਨੂੰ ਇਕ ਦਿਨ ਵਿੱਚ 3626 ਲੱਖ ਯੂਨਿਟ ਦੀ ਰਿਕਾਰਡ ਉਚ ਬਿਜਲੀ ਮੰਗ ਨੂੰ ਸਫ਼ਲਤਾਪੂਰਵਕ ਪੂਰਾ ਕੀਤਾ ਹੈ।ਉਨ੍ਹਾਂ ਦੱਸਿਆ ਕਿ ਮਾਨਸੂਨ ਦੇ ਬਾਵਜੂਦ ਨਮੀ ਵਾਲੀਆਂ ਸਥਿਤੀਆਂ ਅਤੇ ਘਰ ਮੀਂਹ ਕਾਰਨ ਰਾਜ ਵਿੱਚ ਬਿਜਲੀ ਦੇ ਮੰਗ ਵਿੱਚ ਭਾਰੀ ਵਾਧਾ ਹੋਇਆ ਸੀ ਪਰ ਬਿਜਲੀ ਵਿਭਾਗ ਦੀ ਯੋਜਨਾਬੰਦੀ ਅਤੇ ਕੁਸ਼ਲ ਸਰੋਤ ਪ੍ਰਬੰਧਨ ਦਾ ਨਤੀਜਾ ਹੈ ਕਿ ਬਿਜਲੀ ਦੀ ਮੰਗ ਨੂੰ ਪੂਰਾ ਕੀਤਾ ਗਿਆ ਹੈ।ਈ ਟੀ ਓ ਨੇ ਦੱਸਿਆ ਕਿ ਪਿਛਲੇ ਦਿਨੀ ਬਿਜਲੀ ਦੀ ਚੋਰੀ ਦਾ ਪਤਾ ਲਗਾਉਣ ਅਤੇ ਬਿਜਲੀ ਦੇ ਬੱਚਤ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਚਲਾਈ ਗਈ ਰਾਜ ਵਿਆਪੀ ਚੈਕਿੰਗ ਮੁਹਿੰਮ ਦੌਰਾਨ ਚੰਗੇ ਨਤੀਜੇ ਪ੍ਰਾਪਤ ਹੋਏ ਹਨ।ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦੌਰਾਨ 50781 ਬਿਜਲੀ ਕੁਨੈਕਸ਼ਨਾਂ ਦੀ ਜਾਂਚ ਕੀਤੀ ਗਈ, 3349 ਮਾਮਲਿਆਂ ਵਿੱਚ ਬਿਜਲੀ ਚੋਰੀ ਦਾ ਪਤਾ ਲਗਾਇਆ ਗਿਆ ਅਤੇ 7.66 ਕਰੋੜ ਰੁਪਏ ਦੇ ਜੁਰਮਾਨੇ ਕੀਤੇ ਗਏ।ਉਨ੍ਹਾਂ ਸਾਰੇ ਬਿਜਲੀ ਖਪਤਕਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਬਿਜਲੀ ਦੀ ਸਮਝਦਾਰੀ ਨਾਲ ਵਰਤੋਂ ਕਰਨ ਅਤੇ ਬਿਜਲੀ ਚੋਰੀ ਦੇ ਕਿਸੇ ਵੀ ਮਾਮਲੇ ਦੀ ਤੁਰਤ ਰਿਪੋਰਟ ਕਰਨ ਤਾਂ ਜੋ ਬਿਜਲੀ ਚੋਰੀ ਨੂੰ ਰੋਕਿਆ ਜਾ ਸਕੇ।

ਪਰਾਗੁਣ ਅੰਗੁਰਾਲ ਨੇ ਜ਼ਿਲ੍ਹਾ ਪੱਧਰੀ ਬੈਡਮਿੰਟਨ ਮੁਕਾਬਲੇ 'ਚ ਸੋਨ ਤਮਗਾ ਜਿੱਤਿਆ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਸਥਾਨਕ ਬਹਿਰਾਮਪੁਰ ਰੋਡ 'ਤੇ ਸਥਿਤ ਟੀ. ਸੀ.ਇੰਟਰਨੈਸ਼ਨਲ ਸਕੂਲ ਦੀ 8ਵੀਂ ਜਮਾਤ ਦੀ ਵਿਦਿਆਰਥਣ ਪਰਾਗੁਣ ਅੰਗੁਰਾਲ ਨੇ ਜ਼ਿਲ੍ਹਾ ਪੱਧਰੀ ਬੈਡਮਿੰਟਨ ਮੁਕਾਬਲੇ ਚ ਅੰਡਰ-14 ਵਰਗ 'ਚ ਸੋਨ ਤਮਗਾ ਜਿੱਤ ਕੇ ਆਪਣੇ ਸਕੂਲ ਅਤੇ ਪਰਿਵਾਰ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਮੁਕਾਬਲੇ ਵਿੱਚ ਉਸ ਨੇ ਆਪਣੀ ਸ਼ਾਨਦਾਰ ਖੇਡ ਦਾ ਮੁਜ਼ਾਹਰਾ ਕਰਦਿਆਂ ਆਪਣੇ ਵਿਰੋਧੀਆਂ ਨੂੰ ਪਿੱਛੇ ਛੱਡ ਕੇ ਪਹਿਲਾ ਸਥਾਨ ਹਾਸਲ ਕੀਤਾ।ਇਸ ਮੌਕੇ ਟੀ. ਸੀ. ਇੰਟਰਨੈਸ਼ਨਲ ਸਕੂਲ ਦੇ ਪ੍ਰਿੰ. ਅਤੇ ਚੇਅਰਮੈਨ ਰਵਿੰਦਰ ਸ਼ਰਮਾ ਨੇ ਪਰਾਗੁਣ ਅੰਗੁਰਾਲ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਪ੍ਰਾਪਤੀ ਨਾ ਸਿਰਫ਼ ਪਰਾਗੁਣ ਲਈ ਸਗੋਂ ਪੂਰੇ ਸਕੂਲ ਲਈ ਮਾਣ ਵਾਲੀ ਗੱਲ ਹੈ । ਉਨ੍ਹਾਂ ਪਰਾਗੁਣ ਦੇ ਮਾਪਿਆਂ ਅਤੇ ਸਕੂਲ ਸਟਾਫ ਨੂੰ ਵੀ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਸਫ਼ਲਤਾ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਹੈ। ਸ਼ਰਮਾ ਨੇ ਕਿਹਾ ਕਿ ਪਰਾਗੁਣ ਅੰਗੁਰਾਲ ਦੀ ਇਸ ਸਫਲਤਾ ਨੇ ਸਾਬਤ ਕਰ ਦਿੱਤਾ ਹੈ ਕਿ ਸਖਤ ਮਿਹਨਤ ਅਤੇ ਦ੍ਰਿੜ ਇਰਾਦੇ ਨਾਲ ਕੋਈ ਵੀ ਟੀਚਾ ਪ੍ਰਾਪਤ ਕੀਤਾ ਜਾ ਸਕਦਾ ਹੈ।ਅਸੀਂ ਉਮੀਦ ਕਰਦੇ ਹਾਂ ਕਿ ਪਰਾਗੁਣ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੀਆਂ ਪ੍ਰਾਪਤੀਆਂ ਹਾਸਲ ਕਰੇਗੀ।

ਅਰਸ਼ਜੋਤ ਕੌਰ ਬਲਾਕ ਪੱਧਰੀ ਕੰਪਿਊਟਰ ਟਾਈਪਿੰਗ ਮੁਕਾਬਲੇ 'ਚ ਅੱਵਲ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਤਰਨ ਤਾਰਨ ਰਾਜੇਸ਼ ਕੁਮਾਰ ਤੇ ਜ਼ਿਲ੍ਹਾ ਕਰੀਅਰ ਗਾਈਡੈਂਸ ਕਾਊਂਸਲਰ ਸੁਖਬੀਰ ਸਿੰਘ ਕੰਗ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੰਡੀਵਿੰਡ ਵਿਖੇ ਕਰਵਾਏ ਗਏ ਕੰਪਿਊਟਰ ਟਾਈਪਿੰਗ ਮੁਕਾਬਲਿਆਂ ਵਿੱਚ ਅੰਗਰੇਜ਼ੀ ਟਾਈਪਿੰਗ ਮੁਕਾਬਲੇ ਵਿੱਚ ਸਰਕਾਰੀ ਹਾਈ ਸਕੂਲ ਮੂਸੇ ਦੀ ਵਿਦਿਆਰਥਣ ਅਰਸ਼ਜੋਤ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ ਹੈ।ਸਕੂਲ ਮੁਖੀ ਗੁਲਬਾਗ ਸਿੰਘ ਨੇ ਵਿਦਿਆਰਥਣ ਅਰਸ਼ਜੋਤ ਕੌਰ ਦੀ ਉਪਲਬਧੀ ਤੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਮਿਹਨਤ ਕਰਨ ਵਾਲੇ ਬੱਚੇ ਜ਼ਿੰਦਗੀ ਵਿੱਚ ਵੱਡੀਆਂ ਪੁਲਾਂਘਾਂ ਪੁੱਟਦੇ ਹਨ।ਉਨ੍ਹਾਂ ਕਿਹਾ ਕਿ ਅਰਸ਼ਜੋਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ, ਮਾਪਿਆਂ ਤੇ ਅਧਿਆਪਕਾਂ ਦਾ ਨਾਂਅ ਰੌਸ਼ਨ ਕੀਤਾ ਹੈ।ਸਕੂਲ ਮੁਖੀ ਨੇ ਕਿਹਾ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਨਾਲ ਵਿਦਿਆਰਥੀਆਂ ਦੀ ਪ੍ਰਤਿਭਾ ਵਿੱਚ ਨਿਖਾਰ ਆਉਂਦਾ ਹੈ।ਉਨ੍ਹਾਂ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਲਗਨ ਨਾਲ ਪੜ੍ਹਨ ਤੇ ਸਹਿ-ਪਾਠਕ੍ਰਮ ਗਤੀਵਿਧੀਆਂ ਵਿੱਚ ਭਾਗ ਲੈਣ ਦਾ ਸੰਦੇਸ਼ ਦਿੱਤਾ।

ਇਸ ਮੌਕੇ ਸਕੂਲ ਮੁਖੀ ਗੁਲਬਾਗ ਸਿੰਘ, ਐੱਸਐੱਸ ਮਾਸਟਰ ਅਮਰਬੀਰ ਸਿੰਘ, ਕੰਪਿਊਟਰ ਅਧਿਆਪਕ ਨਰਿੰਦਰ ਕੁਮਾਰ, ਐੱਸਐੱਸ ਅਧਿਆਪਕਾ ਗੁਰਪ੍ਰੀਤ ਕੌਰ, ਮੈਥ ਮਾਸਟਰ ਨਰਿੰਦਰ ਸਿੰਘ, ਸਾਇੰਸ ਮਾਸਟਰ ਰਤਨ ਸਿੰਘ, ਮੈਥ ਮਾਸਟਰ ਉਪਦੀਪ ਸਿੰਘ, ਸਾਇੰਸ ਅਧਿਆਪਕਾ ਅਮਨਜੋਤ ਕੌਰ, ਸਾਇੰਸ ਅਧਿਆਪਕਾ ਲਵਪ੍ਰੀਤ ਕੌਰ, ਕਲਰਕ ਅਜੀਤ ਸਿੰਘ, ਮੈਥ ਮਾਸਟਰ ਮੰਗਲ, ਇੰਗਲਿਸ਼ ਮਾਸਟਰ ਗੁਰਬੀਰ ਸਿੰਘ ਹਾਜ਼ਰ ਸਨ।

ਆਰ ਡੀ ਖੋਸਲਾ ਸਕੂਲ ਦੀਆਂ ਲੜਕੀਆਂ ਨੇ ਸ਼ਤਰੰਜ 'ਚ ਬਾਜ਼ੀ ਮਾਰੀ

ਬਟਾਲਾ (ਤਰਲੋਕ ਬੱਗਾ)-ਜ਼ਿਲ੍ਹਾ ਪੱਧਰ ਤੇ ਸ਼ਤਰੰਜ ਮੁਕਾਬਲੇ ਕਰਵਾਏ ਗਏ ਜਿਸ ਵਿਚ ਆਰ. ਡੀ. ਖੋਸਲਾ ਡੀ. ਏ. ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਲੜਕੀਆਂ ਦੀ ਅੰਡਰ-19 ਟੀਮ ਵਿੱਚ ਨੀਤਿਕਾ, ਦ੍ਰਿਤਿਕਾ ਅਤੇ ਲਕਸ਼ਿਤਾ ਨਵਪ੍ਰੀਤ ਕੌਰ ਤੇ ਗੁਰਕੀਰਤ ਕੌਰ ਪਹਿਲੇ ਸਥਾਨ 'ਤੇ ਰਹੀਆਂ।ਲੜਕੀਆਂ ਦੀ ਅੰਡਰ-17 ਟੀਮ ਵਿੱਚ ਦੀਕਸ਼ਾ, ਪਲਕ, ਚਾਹਤ, ਯੁਵਿਕਾ ਅਤੇ ਰਮਨੀਕ ਨੇ ਵੀ ਪਹਿਲਾ ਸਥਾਨ ਹਾਸਲ ਕੀਤਾ।ਲੜਕਿਆਂ ਦੀ ਅੰਡਰ-19 ਟੀਮ ਵਿੱਚ ਰੁਦਰ ਰੇਹਾਨ, ਤਰੁਣ ਕੁਮਾਰ, ਪ੍ਰਭਨੂਰ ਸਿੰਘ, ਦਕਸ਼ ਅਰੋੜਾ ਅਤੇ ਦਾਨਿਸ਼ ਪਹਿਲੇ ਸਥਾਨ 'ਤੇ ਰਹੇ।ਲੜਕਿਆਂ ਦੀ ਅੰਡਰ-14 ਟੀਮ ਵਿੱਚ ਮੌਲਿਕ, ਨਿਮਿਸ਼, ਆਦਿਤਿਆ, ਜੈਦੀਪ ਅਤੇ ਪ੍ਰਯਾਗ ਦੂਜੇ ਸਥਾਨ 'ਤੇ ਰਹੇ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰ. ਡਾ: ਬਿੰਦੂ ਭੱਲਾ ਨੇ ਜੇਤੂ ਵਿਦਿਆਰਥੀਆਂ, ਉਨ੍ਹਾਂ ਦੇ ਮਾਤਾ-ਪਿਤਾ ਅਤੇ ਕੋਚ ਤਰਲੋਕ ਸਿੰਘ ਅਤੇ ਸ਼੍ਰੇਸ਼ਠਾ ਨੂੰ ਹਾਰਦਿਕ ਵਧਾਈ ਅਤੇ ਸ਼ੁੱਭ ਕਾਮਨਾਵਾਂ ਦਿੱਤੀਆਂ ਜਿਨ੍ਹਾਂ ਨੇ ਸਕੂਲ ਦਾ ਨਾਮ ਰੌਸ਼ਨ ਕੀਤਾ ਅਤੇ ਹੌਸਲਾ ਵਧਾਇਆ।

ਸਕੂਲ ਵਿੱਚ ਵਿਦਿਆਰਥੀਆਂ ਨੂੰ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਕਿਉਂਕਿ ਇਹ ਸਾਡੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਮਦਦ ਕਰਦੀਆਂ ਹਨ। ਖੇਡਾਂ ਸ਼ਖਸੀਅਤ ਦੇ ਸਰਬਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

ਤੀਸਰੇ ਤੇ ਚੌਥੇ ਪਾਤਸ਼ਾਹ ਨਾਲ ਸਬੰਧਤ ਸ਼ਤਾਬਦੀ ਨੂੰ ਸਮਰਪਿਤ ਪ੍ਰਭਾਵਸ਼ਾਲੀ ਸੈਮੀਨਾਰ ਆਯੋਜਿਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗੁਰੂ ਸਾਹਿਬਾਨ ਦਾ ਫ਼ਲਸਫ਼ਾ ਸਿੱਖ ਦੇ ਸ਼ਖਸੀ ਜੀਵਨ ਦੀ ਘਾੜਤ ਘੜਨ ਦੇ ਨਾਲ-ਨਾਲ ਪੰਥਕ ਅਗਵਾਈ ਲਈ ਵੀ ਬੇਹੱਦ ਅਹਿਮ ਹੈ, ਪਰੰਤੂ ਪੰਥ ਵਿਰੋਧੀ ਤਾਕਤਾਂ ਸਿੱਖਾਂ ਦੀ ਇਸ ਵਿਰਾਸਤ ਅਤੇ ਸਿਧਾਂਤਾਂ ਨੂੰ ਸੱਟ ਮਾਰਨ ਲਈ ਲਗਾਤਾਰ ਕੋਝੇ ਯਤਨ ਕਰਦੀਆਂ ਰਹੀਆਂ ਹਨ।ਇਹ ਵਿਚਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ 450 ਸਾਲਾ ਗੁਰਿਆਈ ਦਿਵਸ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤਿ ਦਿਵਸ ਨੂੰ ਸਮਰਪਿਤ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਧਰਮ ਪ੍ਰਚਾਰ ਕਮੇਟੀ ਵੱਲੋਂ ਕਰਵਾਏ ਗਏ ਪ੍ਰਭਾਵਸ਼ਾਲੀ ਸੈਮੀਨਾਰ ਦੌਰਾਨ ਸੰਬੋਧਨ ਕਰਦਿਆਂ ਪ੍ਰਗਟਾਏ।ਸੈਮੀਨਾਰ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ, ਪ੍ਰਸਿੱਧ ਸਿੱਖ ਵਿਦਵਾਨ ਡਾ. ਹਰਭਜਨ ਸਿੰਘ ਡੇਹਰਾਦੂਨ, ਡਾ. ਪਰਮਵੀਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਡਾ. ਇੰਦਰਜੀਤ ਸਿੰਘ ਗੋਗੋਆਣੀ ਪ੍ਰਿੰਸੀਪਲ ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਤੇ ਵਿਚਾਰਧਾਰਾ ਬਾਰੇ ਅਹਿਮ ਅਤੇ ਖੋਜ ਭਰਪੂਰ ਵਿਚ

31-AUG-PAGE-12.qxd 8/30/2024 10:41 PM Page 1

ਜਨਮ ਦਿਨ ਮੁਬਾਰਕ

ਜਿੰਦ ਕੌਰ, ਲੋਹੀਆਂ ਖਾਸ

ਵਰ੍ਹੇਗੰਢ ਮੁਬਾਰਕ

ਕਮਲਜੀਤ ਤੇ ਸਿਮਰਨ ਪਿੰਡ ਬਜੂਹਾ ਖੁਰਦ ਜ਼ਿਲ੍ਹਾ ਜਲੰਧਰ ਨੇ ਵਿਆਹ ਦੀ 15ਵੀਂ ਵਰ੍ਹੇਗੰਢ ਮਨਾਈ।

ਕਾਰ-ਮੋਟਰਸਾਈਕਲ ਦੀ ਟੱਕਰ 'ਚ ਦੋ ਦੀ ਮੌਤ, ਤਿੰਨ ਗੰਭੀਰ ਫੱਟੜ

ਬੰਗਾ (ਅਵਤਾਰ ਕਲੇਰ) ਨਵਾਂਸ਼ਹਿਰ- ਫਗਵਾੜਾ ਮੁੱਖ ਮਾਰਗ 'ਤੇ ਸਥਿਤ ਪਿੰਡ ਮਜਾਰੀ ਵਿਖੇ ਇਕ ਕਾਰ ਅਤੇ ਮੋਟਰਸਾਈਕਲ ਵਿਚਕਾਰ ਜ਼ਬਰਦਸਤ ਟੱਕਰ ਹੋਣ ਨਾਲ ਦੋ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਤਿੰਨ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ।ਪ੍ਰਾਪਤ ਜਾਣਕਾਰੀ ਅਨੁਸਾਸ ਇਕ ਮੋਟਰ ਸਾਈਕਲ ਨੰਬਰ ਪੀ ਬੀ 37 ਜੇ 9220 ਜਿਸ 'ਤੇ ਪੰਜ ਨੌਜਵਾਨ ਸੁਖਬੀਰ ਸਰੋਏ ਪੁੱਤਰ ਗੁਰਸੇਵਕ ਸਰੋਏ ,ਸਾਹਿਲ ਪੁੱਤਰ ਮੰਗੂ ਰਾਮ , ਕਮਲਜੀਤ ਸਿੰਘ ਪੁੱਤਰ ਸੁਖਦੇਵ ਸਿੰਘ ਕਰਨਵੀਰ ਸਿੰਘ ਪੁੱਤਰ ਸੁਰਜੀਤ ਸਿੰਘ ਅਤੇ ਰਾਹੁਲ ਪੁੱਤਰ ਤਰਸੇਮ ਲਾਲ ਸਾਰੇ ਨਿਵਾਸੀ ਬਾਹੜੋਵਾਲ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਸਵਾਰ ਹੋ ਕੇ ਨਜ਼ਦੀਕੀ ਪੈਂਦੇ ਪਿੰਡ ਮਜਾਰਾ ਨੋ ਆਬਾਦ ਵਿਖੇ ਬਣੇ ਧਾਰਮਿਕ ਸਥਾਨ ਤੋਂ ਨਿਕਲ ਰਹੀਆਂ ਪ੍ਰਭਾਤ ਫੇਰੀਆਂ ਤੋਂ ਆਪਣੇ ਪਿੰਡ ਬਾਹੜੋਵਾਲ ਵਾਪਸ ਆਪਣੇ ਘਰ ਪਰਤ ਰਹੇ ਸਨ।ਉਕਤ ਮੋਟਰ ਸਾਈਕਲ ਸਵਾਰ ਜਿਵੇਂ ਹੀ ਨਵਾਂ ਸ਼ਹਿਰ - ਫਗਵਾੜਾ ਨੈਸ਼ਨਲ ਹਾਈਵੇ 'ਤੇ ਸਥਿਤ ਪਿੰਡ ਮਜਾਰੀ 'ਚ ਬਣੇ ਰਸਤੇ ਨੂੰ ਪਾਰ ਕਰ ਆਪਣੇ ਪਿੰਡ ਬਾਹੜੋਵਾਲ ਨੂੰ ਜਾਣ ਲੱਗੇ ਤਾਂ ਦੂਜੇ ਪਾਸੇ ਫਗਵਾੜਾ ਸਾਇਡ ਤੋਂ ਆ ਰਹੀ ਇਕ ਕਰੇਟਾ ਕਾਰ ਨੰਬਰ ਪੀ ਬੀ 07 ਬੀ ਟੀ 5086 ਜਿਸ ਨੂੰ ਅਰਪਨ ਬਵੇਜਾ ਨਿਵਾਸੀ ਬੰਗਾ ਨਾਮੀ ਵਿਅਕਤੀ ਚਲਾ ਰਿਹਾ ਸੀ ਨਾਲ ਟਕਰਾ ਗਏ। ਟੱਕਰ ਐਨੀ ਜਬਰਦਸਤ ਸੀ ਕਿ ਮੋਟਰਸਾਈਕਲ ਲਗਭਗ ਸਾਰਾ ਹੀ ਟੁੱਟ ਗਿਆ ਅਤੇ ਕਾਰ ਵੀ ਪਲਟ ਗਈ।ਜਿਸ ਦੇ ਨਤੀਜੇ ਵੱਜੋਂ ਮੋਟਰ ਸਵਾਰ ਪੰਜੇ ਵਿਅਕਤੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ।ਜਿਨਾਂ ਨੂੰ ਮੌਕੇ 'ਤੇ ਹਾਜ਼ਰ ਲੋਕਾ ਵੱਲੋਂ ਤੁਰੰਤ ਨਜ਼ਦੀਕੀ ਪੈਂਦੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾ ਕਲੇਰਾਂ ਪੁਹੰਚਾਇਆ ਗਿਆ।ਜਿੱਥੇ ਡਾਕਟਰਾਂ ਨੇ ਸੁਖਬੀਰ ਸਰੋਏ (16) ਪੁੱਤਰ ਗੁਰਸੇਵਕ ਰਾਮ , ਸਾਹਿਲ (20) ਪੁੱਤਰ ਮੰਗੂ ਰਾਮ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ।ਜਦੋਂ ਕਿ ਬਾਕੀ ਤਿੰਨੋਂ ਜ਼ੇਰੇ ਇਲਾਜ ਹਨ।ਦੁਰਘਟਨਾ ਦੀ ਸੂਚਨਾ ਮਿਲਦੇ ਐਸ ਐਸ ਐਫ ਦੇ ਅਧਿਕਾਰੀ ਧਰਮ ਪਾਲ ਅਤੇ ਯੋਗੇਸ਼ ਕੁਮਾਰ ਅਤੇ ਥਾਣਾ ਸਦਰ ਦੇ ਪੁਲਸ ਅਧਿਕਾਰੀ ਮੌਕੇ 'ਤੇ ਪੁੱਜ ਗਏ ਅਤੇ ਹਾਦਸੇ ਵਿੱਚ ਨੁਕਸਾਨੇ ਵਾਹਨਾਂ ਅਤੇ ਮ੍ਰਿਤਕ ਵਿਅਕਤੀਆਂ ਦੀ ਦੇਹਾਂ ਨੂੰ ਕਬਜ਼ੇ ਵਿੱਚ ਲੈਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

ਮਜ਼ਦੂਰਾਂ ਨੇ ਬੀ ਡੀ ਪੀ ਓ ਦਫ਼ਤਰ ਅੱਗੇ ਦਿੱਤਾ ਧਰਨਾ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) ਫਿਲੌਰ ਬੀ ਡੀ ਪੀ ਓ ਫਿਲੌਰ ਕੰਪਲੈਕਸ ਵਿੱਚ ਮਜਦੂਰ ਮੰਗਾ ਦੇ ਸੰਬੰਧ 'ਚ ਰੋਹ ਭਰਪੂਰ ਧਰਨਾ ਤੇ ਮੁਜਾਹਰਾ ਕੀਤਾ ਗਿਆ। ਬੀ ਡੀ ਪੀ ਓ ਨੂੰ ਪ੍ਰਧਾਨ ਮੰਤਰੀ ਦੇ ਨਾਂਅ 'ਤੇ ਮੰਗ ਪੱਤਰ ਵੀ ਦਿੱਤਾ ਗਿਆ।ਮਜ਼ਦੂਰ ਮੰਗ ਕਰ ਰਹੇ ਸਨ ਕਿ ਮਜਦੂਰਾਂ ਨੂੰ ਪੰਜ ਪੰਜ ਮਰਲੇ ਦੇ ਪਲਾਟ ਅਤੇ ਮਕਾਨ ਉਸਾਰੀ ਲਈ ਗਰਾਂਟ ਦਿੱਤੀ ਜਾਵੇ।ਲਾਲ ਲਕੀਰ ਵਾਲੇ ਮਕਾਨਾਂ ਦੇ ਮਾਲਕੀ ਦੇ ਹੱਕ ਦਿੱਤੇ ਜਾਣ।ਮਨਰੇਗਾ ਦੇ ਮਜ਼ਦੂਰਾਂ ਦੀ ਦਿਹਾੜੀ 1000 ਰੁਪਏ ਕੀਤੀ ਜਾਵੇ, ਲਗਾਤਾਰ ਕੰਮ ਦਿੱਤਾ ਜਾਵੇ।ਧਰਨੇ ਤੋਂ ਬਾਅਦ ਚੌਕ ਤੱਕ ਮਾਰਚ ਕਰਕੇ ਮੁਜਾਹਰਾ ਵੀ ਕੀਤਾ ਗਿਆ। ਦਰਸ਼ਨ ਦੀ ਅਗਵਾਈ 'ਚ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਹੰਸ ਰਾਜ ਪੱਬਵਾਂ, ਚੰਨਣ ਸਿੰਘ ਬੁੱਟਰ, ਦਰਸ਼ਨ ਪਾਲ ਬੰਡਾਲਾ, ਤਰਸੇਮ ਕਡਿਆਣਾ, ਬਲਕਾਰ ਕਡਿਆਣਾ, ਮੇਹਰ ਸਿੰਘ ਅਤੇ ਹਰਜੀਤ ਸਿੰਘ ਆਦਿ ਨੇ ਹਾਜ਼ਰ ਸਨ।

ਪੰਜਾਬੀ ਕਵਿਤਰੀ ਗੁਰਬੰਸ ਗਿੱਲ ਨਹੀਂ ਰਹੇ

ਲੰਡਨ : ਮਸ਼ਹੂਰ ਪੰਜਾਬੀ ਕਵਿਤਰੀ ਗੁਰਬੰਸ ਕੌਰ ਗਿੱਲ ਅਮਰੀਕਾ ਦੀ ਸਟੇਟ ਵਰਜੀਨੀਆ ਦੇ ਸ਼ਹਿਰ ਵੀਆਨਾ ਵਿੱਚ ਦੁਨੀਆਂ ਨੂੰ ਅਲਵਿਦਾ ਆਖ ਗਈ। ਉਹ 87 ਸਾਲਾ ਦੇ ਸਨ। ਉਹ ਆਪਣੇ ਪਿੱਛੇ ਆਪਣੀਆਂ ਦੋ ਬੇਟੀਆਂ ਛੱਡ ਗਏ। ਗੁਰਬੰਸ ਦਾ ਰਾਜਿੰਦਰ ਕਾਲਜ ਪਟਿਆਲਾ ਤੋਂ ਅਰਥਸ਼ਾਸ਼ਤਰ ਵਿੱਚ ਐਮ ਏ ਕਰਨ ਤੋਂ ਬਾਅਦ ਯੂ ਕੇ ਵਿੱਚ ਆਉਣਾ ਹੋਇਆ ਜਿੱਥੇ ਉਹ 32 ਸਾਲ ਰਹਿਣ ਬਾਅਦ 2002 ਵਿੱਚ ਅਮਰੀਕਾ ਚਲੀ ਗਈ। ਯੂ ਕੇ ਵਿੱਚ ਇੱਕ ਸਫ਼ਲ ਬਿਜਨੈਸ ਵੂਮੈਨ ਹੋਣ ਤੋਂ ਬਿਨਾ ਉਹ 22 ਸਾਲ ਮੈਜਿਸਟ੍ਰੇਟ ਅਤੇ 7 ਵਾਰ ਸ਼ੋਸ਼ਲ ਡੈਮੋਕ੍ਰੇਟਿਵ ਪਾਰਟੀ ਦੀ ਕੌਂਸਲਰ ਵੀ ਰਹੀ। ਗੁਰਬੰਸ ਕੌਰ ਨੇ ਯੂ ਕੇ ਦੇ ਸਾਹਿਤਕ ਪਿੜ 'ਚ ਇੱਕ ਕਵਿਤਰੀ ਦੇ ਤੌਰ 'ਤੇ ਆਪਣੀ ਪਛਾਣ ਬਣਾਈ। ਗੁਰਬੰਸ ਨੇ ਕਵਿਤਾ ਦੀਆਂ ਤਿੰਨ ਕਿਤਾਬਾਂ ਪੰਜਾਬੀ ਬੋਲੀ ਦੀ ਝੋਲੀ ਪਾਈਆਂ।

ਗੁਰਬੰਸ ਦੇ ਜਾਣ ਨਾਲ ਪੰਜਾਬੀ ਭਾਈਚਾਰੇ ਅਤੇ ਪੰਜਾਬੀ ਸਾਹਿਤਕ ਜਗਤ ਨੂੰ ਵੱਡਾ ਘਾਟਾ ਪਿਆ ਹੈ। ਯੂ ਕੇ ਵਿੱਚ ਰਹਿੰਦੇ ਉਨ੍ਹਾ ਦੇ ਸਮਕਾਲੀ ਲੇਖਕਾਂ ਅਤੇ ਮਿੱਤਰਾਂ, ਤਰਸੇਮ ਮਾਨ, ਕੌਂਸਲਰ ਕੇ ਸੀ ਮੋਹਨ, ਕੌਂਸਲਰ ਰਣਜੀਤ ਧੀਰ, ਅਮਰ ਜਿਓਤੀ, ਹਰੀਸ਼ ਮਲਹੋਤਰਾ, ਗੁਰਚਰਨ ਸੱਗੂ, ਹਰਜੀਤ ਅਟਵਾਲ, ਗੁਰਸ਼ਰਨ ਅਜੀਬ, ਗੁਰਪਾਲ ਸਿੰਘ, ਸੁਖਦੇਵ ਔਜਲਾ, ਨਿਰਮਲ ਸੂਰੀ, ਗੁਰਬਖਸ਼ ਸੂਰੀ ਨੇ ਗੁਰਬੰਸ ਗਿੱਲ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ। ਗੁਰਬੰਸ ਗਿੱਲ ਦਾ ਸਸਕਾਰ 2 ਸਤੰਬਰ ਨੂੰ ਕੀਤਾ ਜਾਵੇਗਾ।

ਚੰਡੀਗੜ੍ਹ ਪੰਜਾਬੀ ਮੰਚ ਦਾ ਰਾਜ ਭਵਨ ਵੱਲ ਪੈਦਲ ਮਾਰਚ ਪੁਲਸ ਨੇ ਰੋਕਿਆ

ਚੰਡੀਗੜ੍ਹ (ਗੁਰਜੀਤ ਬਿੱਲਾ)-ਚੰਡੀਗੜ੍ਹ ਪੰਜਾਬੀ ਮੰਚ ਵੱਲੋਂ ਯੂ.ਟੀ. ਚੰਡੀਗੜ੍ਹ ਵਿੱਚ ਪੰਜਾਬੀ ਭਾਸ਼ਾ ਨੂੰ ਪਹਿਲੀ ਅਤੇ ਪ੍ਰਸ਼ਾਸਕੀ ਭਾਸ਼ਾ ਦਰਜਾ ਦਿਵਾਉਣ ਲਈ ਪਹਿਲਾਂ ਤੋਂ ਉਲੀਕੇ ਪ੍ਰੋਗਰਾਮ ਅਨੁਸਾਰ ਰਾਜ ਭਵਨ ਵੱਲ ਪੈਦਲ ਰੋਸ ਮਾਰਚ ਕੀਤਾ ਗਿਆ। ਸੈਕਟਰ 30 ਸਥਿਤ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਮੰਚ ਦੇ ਪ੍ਰਧਾਨ ਸੁਖਜੀਤ ਸਿੰਘ ਹੱਲੋਮਾਜਰਾ, ਜਨਰਲ ਸਕੱਤਰ ਕਾਮਰੇਡ ਦੇਵੀ ਦਿਆਲ ਸ਼ਰਮਾ ਦੀ ਅਗਵਾਈ ਹੇਠ ਇਕੱਤਰ ਹੋਏ ਪੰਜਾਬੀ ਹਿਤੈਸ਼ੀਆਂ ਨੇ ਜਿਉਂ ਹੀ ਰੋਸ ਮਾਰਚ ਸ਼ੁਰੂ ਕੀਤਾ ਤਾਂ ਚੰਡੀਗੜ੍ਹ ਪੁਲਸ ਨੇ ਉਥੇ ਹੀ ਰੋਕ ਲਿਆ। ਪੁਲਿਸ ਅਧਿਕਾਰੀਆਂ ਨੇ ਮੰਚ ਦੇ ਪੰਜ ਮੈਂਬਰਾਂ ਦਾ ਵਫ਼ਦ ਲਿਜਾ ਕੇ ਮੰਗ ਪੱਤਰ ਦਿਵਾਉਣ ਦੀ ਗੱਲ ਆਖੀ ਤਾਂ ਅਹੁਦੇਦਾਰਾਂ ਨੇ ਇਹ ਮੰਗ ਠੁਕਰਾ ਦਿੱਤੀ ਜਿਸ ਦੌਰਾਨ ਐਸ.ਡੀ.ਐਮ. ਨੇ ਭਾਰੀ ਬਾਰਿਸ਼ ਵਿੱਚ ਮੌਕੇ 'ਤੇ ਹੀ ਪਹੁੰਚ ਕੇ ਮੰਗ ਪੱਤਰ ਲਿਆ ਅਤੇ ਰੋਸ ਮਾਰਚ ਸਮਾਪਤ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿੱਚ ਪੰਜਾਬੀ ਭਾਸ਼ਾ ਲਾਗੂ ਕਰੋ ਦੀਆਂ ਤਖ਼ਤੀਆਂ ਫੜ ਕੇ ਪ੍ਰਸ਼ਾਸਨ ਦਾ ਧਿਆਨ ਭਾਸ਼ਾ ਵੱਲ ਦਿਵਾਇਆ ਅਤੇ ਪ੍ਰਸ਼ਾਸਨ ਖਿਲਾਫ਼ ਨਾਅਰੇਬਾਜ਼ੀ ਵੀ ਕੀਤੀ।ਮੰਚ ਦੇ ਪ੍ਰਧਾਨ ਸੁਖਜੀਤ ਸਿੰਘ ਹੱਲੋਮਾਜਰਾ, ਜਨਰਲ ਸਕੱਤਰ ਕਾਮਰੇਡ ਦੇਵੀ ਦਿਆਲ ਸ਼ਰਮਾ, ਸਕੱਤਰ ਗੁਰਪ੍ਰੀਤ ਸਿੰਘ ਸੋਮਲ, ਖਜ਼ਾਨਚੀ ਸ਼ਰਨਜੀਤ ਸਿੰਘ ਬੈਦਵਾਨ ਰਾਏਪੁਰ ਕਲਾਂ, ਬਾਬਾ ਸਾਧੂ ਸਿੰਘ ਸਾਰੰਗਪੁਰ, ਬਾਬਾ ਗੁਰਦਿਆਲ ਸਿੰਘ ਖੁੱਡਾ ਅਲੀਸ਼ੇਰ, ਦੀਪਕ ਸ਼ਰਮਾ ਚਨਾਰਥਲ, ਕੇਂਦਰੀ ਪੰਜਾਬੀ ਲੇਖਕ ਸਭਾ ਤੋਂ ਡਾ. ਸੁਖਦੇਵ ਸਿੰਘ ਸਿਰਸਾ, ਬਲਕਾਰ ਸਿੰਘ ਸਿੱਧੂ, ਰਣਜੀਤ ਸਿੰਘ ਹੰਸ, ਪੱਤਰਕਾਰ ਤਰਲੋਚਨ ਸਿੰਘ, ਹਰਜੀਤ ਕੌਰ ਖੁੱਡਾ ਲਾਹੌਰਾ, ਰਘੁਬੀਰ ਸਿੰਘ ਰਾਮਪੁਰ ਆਦਿ ਨੇ ਕਿਹਾ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੇ ਸੈਕਟਰ 17 ਵਿਖੇ ਮੰਚ ਦੇ ਧਰਨੇ ਵਿੱਚ ਪਹੁੰਚ ਕੇ ਭਰੋਸਾ ਦਿੱਤਾ ਸੀ ਕਿ ਚੰਡੀਗੜ੍ਹ ਵਿੱਚ ਇਸ ਖਿੱਤੇ ਦੀ ਮਾਂ ਬੋਲੀ ਪੰਜਾਬੀ ਭਾਸ਼ਾ ਨੂੰ ਪਹਿਲੀ ਅਤੇ ਪ੍ਰਸ਼ਾਸਕੀ ਭਾਸ਼ਾ ਦਰਜਾ ਦਿਵਾਇਆ ਜਾਵੇਗਾ। ਹੁਣ ਚੋਣਾਂ ਉਪਰੰਤ ਕਿਸੇ ਵੀ ਪਾਰਟੀ ਦੇ ਲੀਡਰ ਨੇ ਇਸ ਪਾਸੇ ਵੱਲ ਕੋਈ ਕਦਮ ਨਹੀਂ ਚੁੱਕਿਆ।ਮੰਚ ਦੇ ਅਹੁਦੇਦਾਰਾਂ ਨੇ ਕਿਹਾ ਕਿ ਰਾਜਨੀਤਕ ਨੇਤਾ ਇਹ ਗੱਲ ਯਾਦ ਰੱਖਣ ਕਿ ਇਹ ਲੋਕ ਸਭਾ ਚੋਣਾਂ ਕੋਈ ਆਖਰੀ ਚੋਣਾਂ ਨਹੀਂ ਸਨ ਅਤੇ ਪੰਜਾਬੀ ਪ੍ਰੇਮੀਆਂ ਦੀ ਉਨ੍ਹਾਂ ਨੂੰ ਲੋੜ ਵੀ ਖ਼ਤਮ ਨਹੀਂ ਹੋ ਗਈ। ਰਾਜਨੀਤਕ ਆਗੂਆਂ ਵੱਲੋਂ ਧਾਰਨ ਕੀਤਾ ਗਿਆ ਅਕ੍ਰਿਤਘਣ ਵਤੀਰਾ ਉਨ੍ਹਾਂ ਨੂੰ ਰਾਸ ਨਹੀਂ ਬੈਠੇਗਾ।ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਵਿੱਚ ਦੇਸ਼ ਦਾ ਪ੍ਰਬੰਧ ਚਲਾਉਣ ਲਈ 22 ਭਾਸ਼ਾਵਾਂ ਦਾ ਜ਼ਿਕਰ ਹੈ। ਇਸ ਵਿੱਚ ਅੰਗਰੇਜ਼ੀ ਹੈ ਹੀ ਨਹੀਂ, ਪ੍ਰੰਤੂ ਪੰਜਾਬੀ ਭਾਸ਼ਾ ਜ਼ਰੂਰ ਦਰਜ ਹੈ। ਸੰਵਿਧਾਨ ਨੂੰ ਧਿਆਨ ਵਿੱਚ ਰੱਖਦਿਆਂ ਹੀ ਦੇਸ਼ ਦੇ ਕਿਸੇ ਵੀ ਸੂਬੇ ਦੀ ਪਹਿਲੀ ਪ੍ਰਸ਼ਾਸਕੀ ਅਤੇ ਦਫ਼ਤਰੀ ਕੰਮਕਾਰ ਦੀ ਭਾਸ਼ਾ ਅੰਗਰੇਜ਼ੀ ਨੂੰ ਨਹੀਂ ਰੱਖਿਆ ਗਿਆ ਅਤੇ ਨਾ ਹੀ ਕਿਧਰੇ ਅੰਗਰੇਜ਼ੀ ਭਾਸ਼ਾ ਨੂੰ ਪਹਿਲੀ ਭਾਸ਼ਾ ਦਾ ਦਰਜਾ ਹਾਸਿਲ ਹੈ। ਇਸ ਦੇ ਬਾਵਜੂਦ ਵੀ ਚੰਡੀਗੜ੍ਹ ਵਿੱਚ ਜ਼ਬਰਦਸਤੀ ਅੰਗਰੇਜ਼ੀ ਭਾਸ਼ਾ ਥੋਪੀ ਗਈ ਹੈ।ਬੁਲਾਰਿਆਂ ਨੇ ਕੇਂਦਰ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਉਹ ਪੰਜਾਬੀ ਭਾਸ਼ਾ ਨਾਲ ਨਫ਼ਰਤ ਕਰਨੀ ਬੰਦ ਕਰੇ ਅਤੇ ਪਹਿਲੀ ਨਵੰਬਰ 1966 ਵਾਲੀ ਸਥਿਤੀ ਨੂੰ ਬਹਾਲ ਕਰਦੇ ਹੋਏ ਅੰਗਰੇਜ਼ੀ ਭਾਸ਼ਾ ਦੀ ਥਾਂ 'ਤੇ ਪੰਜਾਬੀ ਭਾਸ਼ਾ ਨੂੰ ਪਹਿਲੀ ਅਤੇ ਪ੍ਰਸ਼ਾਸਕੀ ਅਤੇ ਦਫ਼ਤਰੀ ਕੰਮਕਾਰ ਦੀ ਭਾਸ਼ਾ ਦਾ ਦਰਜਾ ਦੇਵੇ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ।

ਭਾਜਪਾ ਬਹੁਮਤ ਲੈ ਜਾਂਦੀ ਤਾਂ ਸੰਵਿਧਾਨ ਬਦਲਣ ਵਰਗੇ ਮਨਸੂਬੇ ਪੂਰੇ ਕਰ ਲੈਂਦੀ : ਦੇਵੀ ਕੁਮਾਰੀ

ਬੰਗਾ (ਅਵਤਾਰ ਕਲੇਰ) ਸਾਡੇ ਦੇਸ਼ ਲਈ ਇਹ ਗੱਲ ਚੰਗੀ ਰਹੀ ਕਿ ਹੁਣ ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਬਹੁਮਤ ਤੋਂ ਪਿੱਛੇ ਰਹੀ ਅਤੇ ਉਸ ਨੂੰ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਅਤੇ ਆਂਧਰਾ ਦੇ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਵਰਗੇ ਵਿਰੋਧੀਆਂ ਦਾ ਸਹਾਰਾ ਲੈ ਕੇ ਸੱਤਾ ਨਸੀਬ ਹੋ ਸਕੀ। ਉਕਤ ਵਿਚਾਰਾਂ ਦਾ ਪ੍ਰਗਟਾਵਾ ਸੀ ਪੀ ਆਈ ਦੀ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਕੀਤਾ। ਉਹ ਸੀ ਪੀ ਆਈ ਜ਼ਿਲ੍ਹਾ ਨਵਾ ਸ਼ਹਿਰ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਹਨਾਂ ਕਿਹਾ ਕਿ ਜੇ ਭਾਜਪਾ ਆਪਣੇ ਬਲਬੂਤੇ ਸੱਤਾ ਵਿੱਚ ਆ ਜਾਂਦੀ ਤਾਂ ਇਹ ਸੰਭਵ ਸੀ ਕਿ ਉਹ ਸੰਵਿਧਾਨ ਨੂੰ ਬਦਲਣ ਦੇ ਬਣਾਏ ਮਨਸੂਬਿਆਂ ਨੂੰ ਪੂਰਾ ਕਰ ਲੈਂਦੀ। ਉਹਨਾਂ ਨੇ ਸੀ ਪੀ ਆਈ ਦੀ ਸੂਬਾ ਕੌਂਸਲ ਵੱਲੋਂ ਲਏ ਗਏ ਫੈਸਲਿਆਂ ਤੋਂ ਸੀ ਪੀ ਆਈ ਨਵਾਂਸ਼ਹਿਰ ਦੇ ਆਗੂਆਂ ਨੂੰ ਜਾਣੂ ਕਰਵਾਇਆ।ਉਹਨਾ ਦੱਸਿਆ ਕਿ ਸੂਬਾ ਕੌਂਸਲ ਨੇ ਇਹ ਮਹਿਸੂਸ ਕੀਤਾ ਕਿ ਭਾਜਪਾ ਨੂੰ ਭਾਵੇਂ ਮਨ - ਇੱਛਤ ਜਿੱਤ ਪ੍ਰਾਪਤ ਨਹੀਂ ਹੋਈ ਪਰ ਉਹ ਆਪਣੀਆਂ ਲੋਕ ਵਿਰੋਧੀ ਨੀਤੀਆਂ ਲਾਗੂ ਕਰਨ ਤੋਂ ਪਿੱਛੇ ਨਹੀ ਹਟੀ।ਸੂਬਾ ਕੌਂਸਲ ਨੇ ਫੈਸਲਾ ਕੀਤਾ ਕਿ ਪਾਰਟੀ ਦੀ ਮਜਬੂਤੀ ਲਈ ਜ਼ੋਰਦਾਰ ਮੁਹਿੰਮ ਚਲਾਈ ਜਾਵੇਗੀ। ਅਗਸਤ ਮਹੀਨੇ ਤੋ ਲੈ ਕੇ ਪੂਰੇ ਨਵੰਬਰ ਮਹੀਨੇ ਤੱਕ ਚਲਾਈ ਜਾਣ ਵਾਲੀ ਵਿਸ਼ੇਸ਼ ਮਹਿਮ ਵਿੱਚ ਵਿਸ਼ੇਸ਼ ਮੁੱਦੇ ਵਿਚਾਰੇ ਤੇ ਉਭਾਰੇ ਜਾਣਗੇ।1 ਸਤੰਬਰ ਤੋ 7 ਸਤੰਬਰ ਤੱਕ ਦੇਸ਼ ਵਿਆਪੀ ਰੋਸ ਹਫਤਾ ਮਨਾਉਣ ਦੇ ਪਾਰਟੀ ਦੇ ਸੱਦੇ ਦੇ ਮੰਤਵ ਨੂੰ ਸਫਲ ਕਰਨ ਲਈ ਪੰਜਾਬ ਸੀ ਪੀ ਆਈ ਪੂਰਾ ਤਾਣ ਲਾਵੇਗੀ।ਮੀਟਿੰਗ ਨੂੰ ਜ਼ਿਲ੍ਹੇ ਦੇ ਕਾਰਜਕਾਰੀ ਸਕੱਤਰ ਕਾਮਰੇਡ ਨਿਰੰਜਣ ਦਾਸ ਮੇਹਲੀ, ਜ਼ਿਲ੍ਹਾ ਮੀਤ ਸਕੱਤਰ ਕਾਮਰੇਡ ਜਸਵਿੰਦਰ ਸਿੰਘ ਭੰਗਲ, ਬਲਾਚੌਰ ਦੇ ਤਹਿਸੀਲ ਸਕੱਤਰ ਪਰਵਿੰਦਰ ਸਿੰਘ ਮੇਨਕਾ ਨੇ ਵੀ ਸੰਬੋਧਨ ਕੀਤਾ।ਪ੍ਰਧਾਨਗੀ ਕਾਮਰੇਡ ਜਗਤਾਰ ਸਿੰਘ ਚੰਨੂੰ ਮਾਜਰਾ ਨੇ ਕੀਤੀ।ਇਸ ਮੌਕੇ ਕਾਮਰੇਡ ਗੁਰਮੁਖ ਸਿੰਘ ਫਰਾਲਾ, ਕਾਮਰੇਡ ਨਰਿੰਦਰ ਕੁਮਾਰ ਕਾਲੀਆ,ਕਾਮਰੇਡ ਗੁਰਿੰਦਰ ਸਿੰਘ , ਕਾਮਰੇਡ ਗੁਰਬਖਸ਼ ਕੌਰ,ਕਾਮਰੇਡ ਸੰਤੋਖਪਾਲ ਰਾਹੋ,ਕਾਮਰੇਡ ਜੋਗਿੰਦਰ ਸਿੰਘ ਜੋਗੀ,ਕਾਮਰੇਡ ਦਸੰਦਾ ਸਿੰਘ, ਕਾਮਰੇਡ ਬਲਜਿੰਦਰ ਸਿਘ, ਕਾਮਰੇਡ ਧਰਮਪਾਲ ਸਿੰਘ, ਕਾਮਰੇਡ ਮਨੋਹਰ ਲਾਲ ਆਦਿ ਸ਼ਾਮਲ ਸਨ।

ਪਰਵਤਾਰੋਹੀ ਪ੍ਰਿਅੰਕਾ ਦਾਸ ਨੂੰ ਕੀਤਾ ਸਨਮਾਨਤ

ਮਾਹਿਲਪੁਰ (ਸਫ਼ਰੀ)-ਬੀਤੇ ਦਿਨੀਂ ਪਿੰਡ ਮੋਰਾਂਵਾਲੀ ਦੀ ਬੇਟੀ ਪ੍ਰਿਅੰਕਾ ਦਾਸ ਅਫ਼ਰੀਕਾ ਦੇ ਤਨਜਾਇਨ ਕਿਲ ਮਜਰੂ ਵਿਖੇ ਦੁਨੀਆਂ ਦੀ ਦੂਸਰੇ ਨੰਬਰ 'ਤੇ ਸਭ ਤੋਂ ਉੱਚੀ ਚੋਟੀ ਮਾਊਟ ਟ੍ਰੈਕਿੰਗ ਵਿਚ ਹਿੱਸਾ ਲੈਣ ਲਈ ਗਈ ਸੀ। ਜਿਸ ਨੂੰ ਪ੍ਰਿਅੰਕਾ ਦਾਸ ਨੇ ਬਖੂਬੀ